MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan

SATNAM SAROYA
MORTGAGE SPECIALIST
HOMEKEY
604.760.9172
# 384-8148 128 St., Surrey
6303 Fraser St.,Vancouver



ਕੈਨੇਡਾ
# ਪੰਜਾਬ ਲਿੰਕ

WEEKLY NEWSPAPER VOL. : 10 ISSUE : 18 SATURDAY, 30 APRIL, 2022

www.punjablinkpaper.com 604-503-5465



Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ

ਜਸਵੀਰ ਗਰੇਵਾਲ
778.317.6262
jasvirgrewal0596@gmail.com


## ਬੀ.ਸੀ. ਦੀ ਮਾੜੀ ਹੈਲਥ ਕੇਅਰ ਨੂੰ ਠੀਕ ਕਰਨ ਲਈ ਫੈਡਰਲ ਮਦਦ ਦੀ ਲੋੜ-ਪ੍ਰੀਮੀਅਰ



ਵਿਕਟੋਰੀਆ-ਬ੍ਰਿਟਿਸ਼ ਕੋਲੰਬੀਆ ਹੈਲਥ ਕੇਅਰ ਸੰਕਟ ਨੂੰ ਠੀਕ ਕਰਨ ਲਈ ਭਾਰੀ ਦਬਾਅ ਹੇਠ ਹੈ ਕਿਉਂਕਿ ਬਹੁਤ ਸਾਰੇ ਫੈਮਿਲੀ ਡਾਕਟਰਾਂ ਨੇ ਆਪਣੀ ਪ੍ਰੈਕਟਿਸ ਬੰਦ ਕਰ ਦਿੱਤੀ ਹੈ ਜਿਸ ਨਾਲ ਲਗਪਗ 900000 ਸੂਬਾ ਵਾਸੀ ਜਾਂ ਪੰਜ ਵਿਅਕਤੀਆਂ ਵਿਚੋਂ ਇਕ ਬਿਨ੍ਹਾਂ ਫੈਮਿਲੀ ਡਾਕਟਰ ਦੇ ਰਹਿ ਰਿਹਾ ਹੈ। ਪ੍ਰੀਮੀਅਰ ਜੌਹਨ ਹੋਰਗਨ ਨੇ ਸਵੀਕਾਰ ਕੀਤਾ ਕਿ ਬੀਸੀ ਦਾ ਹੈਲਥ ਕੇਅਰ ਸਿਸਟਮ ਸੰਕਟ ਵਿਚ ਹੈ ਅਤੇ ਉਨ੍ਹਾਂ ਆਪਣੇ ਵਿਚਾਰ ਨੂੰ ਮੁੜ ਦੁਹਰਾਇਆ ਕਿ ਓਟਵਾ ਨੂੰ ਫੈਮਿਲੀ ਡਾਕਟਰ ਸੰਕਟ ਦੇ ਹੱਲ ਲਈ ਸੂਬੇ ਦੀ ਹੋਰ ਵਿੱਤੀ ਸਹਾਇਤਾ ਕਰਨੀ ਚਾਹੀਦੀ ਹੈ। ਹੋਰਗਨ ਦੀਆਂ ਫੈਡਰਲ ਐਨਡੀਪੀ ਨਾਲੋਂ ਵੱਖਰੀਆਂ ਤਰਜੀਹਾਂ ਹਨ ਜਿਸ ਨੇ ਲਿਬਰਲ ਸਰਕਾਰ ਨਾਲ ਆਪਣੇ ਪਾਵਰ-ਸ਼ੇਅਰ ਸਮਝੌਤੇ ਵਿਚ ਕੌਮੀ ਡੈਂਟਲ ਕੇਅਰ ਮੁੱਖ ਮੁੱਦਾ ਬਣਾਇਆ ਹੈ। ਉਨ੍ਹਾਂ ਕਿਹਾ ਕਿ ਨਵਾਂ ਮੁੱਦਾ ਸਹੇੜਨ ਨਾਲੋਂ ਮੌਜੂਦਾ ਹੈਲਥ ਕੇਅਰ ਸਿਸਟਮ 'ਤੇ ਜ਼ਿਆਦਾ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਪੋਸਟਮੀਡੀਆ ਨਾਲ ਇਕ ਮੁਲਾਕਾਤ ਵਿਚ ਹੋਰਗਨ ਨੇ ਕਿਹਾ ਕਿ ਬ੍ਰਿਟਿਸ਼ ਕੋਲੰਬੀਅਨ ਇਸ ਗੱਲ ਨੂੰ ਪਸੰਦ ਕਰਨਗੇ ਕਿ ਡੈਂਟਲ ਕੇਅਰ ਪ੍ਰੋਗਰਾਮ ਹੋਵੇ ਪਰ ਉਹ ਇਸ ਨਾਲੋਂ ਜੀਪੀ (ਜਨਰਲ ਪ੍ਰੈਕਟੀਸ਼ਨਰ) ਨੂੰ ਪਹਿਲ ਦੇਣਗੇ। ਹੋਰਗਨ ਟੈਸਟ ਪਾਜ਼ੇਟਿਵ ਆਉਣ ਪਿੱਛੋਂ ਕੋਵਿਡ-19 ਤੋਂ ਸਿਹਤਯਾਬ ਹੋ ਰਹੇ ਹਨ।

# ਕੈਨੇਡੀਅਨ ਐਮ ਪੀਜ਼ ਵੱਲੋਂ ਰੂਸੀ ਹਮਲਿਆਂ ਨੂੰ ਨਸਲਕੁਸ਼ੀ ਕਰਾਰ ਦੇਣ ਵਾਲੇ ਮਤੇ ਦਾ ਸਮਰਥਨ

ਓਟਵਾ-ਕੈਨੇਡਾ ਦੇ ਪਾਰਲੀਮੈਂਟ ਮੈਂਬਰਾਂ ਨੇ ਯੂਕਰੇਨ ਵਿਚ ਰੂਸੀ ਹਮਲੇ ਨੂੰ ਨਸਲਕੁਸ਼ੀ ਕਰਾਰ ਦੇਣ ਲਈ ਸਰਬਸੰਮਤੀ ਨਾਲ ਵੋਟ ਦਿੱਤਾ ਹੈ। ਵੋਟਿੰਗ ਐਨਡੀਪੀ ਦੇ ਐਮਪੀ ਤੇ ਵਿਦੇਸ਼ ਮਾਮਲਿਆਂ ਦੇ ਆਲੋਚਕ ਹੀਥਰ ਮੈਕਫਰਸਨ ਵਲੋਂ ਮਤਾ ਪੇਸ਼ ਕਰਨ ਪਿੱਛੋਂ ਹੋਈ ਜਿਸ ਵਿਚ ਕਿਹਾ ਗਿਆ ਕਿ ਸਦਨ ਇਹ ਗੱਲ ਮੰਨਦਾ ਹੈ ਕਿ ਰੂਸੀ ਫੈਡਰੇਸ਼ਨ ਯੂਕਰੇਨੀ ਲੋਕਾਂ ਖਿਲਾਫ ਨਸਲਕੁਸ਼ੀ ਦੀਆਂ ਕਾਰਵਾਈਆਂ ਕਰ ਰਹੀ ਹੈ। ਐਮਪੀਜ਼ ਇਸ ਗੱਲ 'ਤੇ ਸਹਿਮਤ ਸਨ ਕਿ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਤੇ ਰੂਸੀ ਪਾਰਲੀਮੈਂਟ ਵਿਚ ਦੂਸਰਿਆਂ ਦੀ ਹਦਾਇਤ 'ਤੇ ਰੂਸੀ ਹਥਿਆਰਬੰਦ ਸੈਨਾਵਾਂ ਵਲੋਂ ਮਾਨਵਤਾ ਖਿਲਾਫ ਯੋਜਨਾਬੱਧ ਤੇ ਵੱਡੇ ਪੱਧਰ 'ਤੇ ਕੀਤੇ ਜਾ ਰਹੇ ਜੰਗੀ ਅਪਰਾਧਾਂ ਦੇ ਸਪਸ਼ਟ ਤੇ ਠੋਸ ਸਬੂਤ ਮੌਜੂਦ ਹਨ। ਮਤੇ ਵਿਚ ਲਿਖਿਆ ਗਿਆ ਕਿ ਇਨ੍ਹਾਂ ਜ਼ੁਰਮਾਂ ਵਿਚ ਸਮੂਹਿਕ ਅੱਤਿਆਚਾਰ, ਯੂਕਰੇਨੀ ਨਾਗਰਿਕਾਂ ਦੀ ਜਾਣਬੁੱਝ ਹੱਤਿਆਂ , ਲਾਸ਼ਾਂ ਦੀ ਬੇਅਦਬੀ, ਯੂਕਰੇਨੀ ਬੱਚਿਆਂ ਦਾ ਜਬਰਦਸਤੀ ਤਬਾਦਲਾ, ਤਸ਼ੱਦਦ, ਸਰੀਰਕ ਨੁਕਸਾਨ, ਮਾਨਸਿਕ ਨੁਕਸਾਨ ਤੇ ਜਬਰਜਨਾਹ ਸ਼ਾਮਿਲ ਹੈ। ਰੂਸ ਨੇ 24 ਫਰਵਰੀ ਨੂੰ ਯੂਕਰੇਨ ਦੇ ਪੂਰਬੀ ਹਿੱਸੇ ਵਿਚ ਹਮਲਾ ਸ਼ੁਰੂ ਕੀਤਾ ਸੀ। ਉਸ ਸਮੇਂ ਤੋਂ ਹੁਣ ਤਕ ਜੰਗੀ ਅਪਰਾਧਾਂ ਦੇ ਵਿਆਪਕ ਦੋਸ਼ ਲੱਗੇ ਹਨ ਅਤੇ ਕੁਝ ਨੇਤਾ ਇਸ ਨੂੰ ਇਥੋਂ ਤਕ ਕਹਿ ਰਹੇ ਹਨ ਕਿ ਸਥਿਤੀ ਨਸਲਕੁਸ਼ੀ ਦੇ ਬਰਾਬਰ ਹੈ। ਅੰਤਰਰਾਸ਼ਟਰੀ ਕਾਨੂੰਨ ਨਸਲਕੁਸ਼ੀ ਨੂੰ ਇਕ ਕੌਮੀ, ਨਸਲੀ ਜਾਂ ਧਾਰਮਿਕ ਗਰੁੱਪ ਨੂੰ ਸਮੁੱਚੇ ਜਾਂ ਅੰਸ਼ਕ ਤੌਰ 'ਤੇ ਤਬਾਹ ਕਰਨ ਦੇ ਨਾਲ ਜਾਣਬੁੱਝ ਕੇ ਕਤਲ ਕਰਨ ਜਾਂ ਹੋਰ ਗੰਭੀਰ ਨੁਕਸਾਨ ਪਹੁੰਚਾਉਣ ਵਜੋਂ ਪ੍ਰੀਭਾਸ਼ਤ ਕਰਦਾ ਹੈ। ਇਸ ਮਹੀਨੇ ਦੇ ਸ਼ੁਰੂ ਵਿਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਰੂਸ ਦੇ ਵਿਵਹਾਰ ਲਈ ਸ਼ਬਦ ਨਸਲਕੁਸ਼ੀ ਦੀ ਵਰਤੋਂ ਕਰਨਾ ਬਿਲਕੁਲ ਸਹੀ ਹੈ।




*(ਬਾਕੀ ਸਫ਼ਾ 10 'ਤੇ)*



For All Kind of Real Estate Needs
ਕਾਬਲੀਅਤ, ਤਜੁਰਬਾ ਅਤੇ ਸਮਜਦਾਰੀ... ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
Sher Singh Grewal
778-723-6900

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119-12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Punjab Insurance Agency Inc.
ਸੁਪਰ ਵੀਜ਼ਾ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ • ਮੋਰਟਗੇਜ ਇੰਸ਼ੋਰੈਂਸ
- ਡਿਸੇਬੀਲੀਟੀ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- RRSP & RESP
RASHMI AHUJA 604-603-1313 rashmi@punjabinsurance.ca
www.punjabinsurance.ca
SANDEEP AHUJA, CHS 604-996-6862 sandeepahuja@punjabinsurance.ca

Bank Turndown? Could be just what you need!
Quick Private Funds
- $10,000 to $1 Million in just 24 Hours
- Up to $5 Million Available
Call today to get started
SANJEEV KATYAL
604.767.5194
info@katyalmortgage.ca
invis
WWW.KATYALMORTGAGE.CA

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

MORTGAGE SPECIALIST!
Residential Construction, Commercial and Private Mortgages
- Pre - Approval available in 24 Hours
- rate hold - 120 days
- Bad credit also welcome
AMANDEEP DUGGAL
MORTGAGE BROKER
A Better Way
604-368 -2030
604-227-9694
# 102-6321 King George Blvd, Surrey

TRANSource FREIGHTWAYS
*First Time
Pin to Pin
(ਯਾਰਡ ਤੋਂ ਯਾਰਡ)
ਕੰਮ ਲਈ Drivers & Owner Operators ਚਾਹੀਦੇ ਹਨ
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
SUKHBIR SINGH
604.525.0527 Ext. 112

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002

S|T &|A Simpson, Thomas & Associates
TRIAL LAWYERS

CELEBRATING 50 YEARS
*"The name that you know and trust"*

"Simpson, Thomas & Associates are a legal dream team. No other law firm could have fought this claim as it takes a lot of resources to fight a case of this nature."

– Former client commenting on the Jago wedding tragedy

# B.C.'s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated BBB ACCREDITED BUSINESS

"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."

– B.Sekhon

Our history of successfully settling ICBC claims has garnered respect from our clients, and within the legal and rehabilitation communities in B.C.

- Brain Injury
- Paraplegia
- Quadriplegia
- Spinal Cord Injury

**Translation Services Available**

STA has support staff fluent in Punjabi, Hindi and Gujarati.

**Your Needs Come First**

If mobility is a challenge, we can come to you.



Adam Ueland
LAWYER

**Call Simpson, Thomas & Associates at 604-229-6448 to request a free initial legal consultation or fill out our online form on simpsonthomas.com**

We have offices in Vancouver, Surrey/Delta, Abbotsford* and Burnaby.*

*By appointment only

Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL.: 10 ISSUE: 18 SATURDAY, 30 APRIL, 2022
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Punjabi Link Radio
App Store Google play
24 Hour Online Radio
ਪ੍ਰਭ ਕੀ ਬਾਣੀ
6.00am to 8:00am
ਕੁੱਝ ਖਬਰਾਂ ਕੁੱਝ ਗੀਤ
12:00pm to 2:00pm
B.C. Time Mon to Sat
Amarjit Singh
Surrey Studio: 778-564-5642
Office: 1-844-884-8840
www.punjabilinkradio.com

# ਖ਼ਾਲਿਸਤਾਨ ਦੇ ਹੱਕ ਅਤੇ ਖ਼ਿਲਾਫ਼ ਮਾਰਚ ਕੱਢਣ ਕਾਰਨ ਤਣਾਅ, ਪੁਲਿਸ ਨੇ ਹਵਾਈ ਫਾਇਰ ਕੀਤੇ

ਪਟਿਆਲਾ-ਇਥੇ ਸਿੱਖ ਜਥੇਬੰਦੀਆਂ ਵੱਲੋਂ ਖ਼ਾਲਿਸਤਾਨ ਦੇ ਹੱਕ ਅਤੇ ਹਿੰਦੂ ਜਥੇਬੰਦੀਆਂ ਵੱਲੋਂ ਖ਼ਾਲਿਸਤਾਨ ਦੇ ਖ਼ਿਲਾਫ਼ ਮਾਰਚ ਕੱਢਣ ਦੇ ਐਲਾਨ ਕਾਰਨ ਦੋਵਾਂ ਧਿਰਾਂ ਦੇ ਸਮਰਥਕ ਵੱਡੀ ਗਿਣਤੀ ਵਿੱਚ ਇਕੱਤਰ ਹੋਣ ਕਾਰਨ ਟਕਰਾਅ ਵਾਲੇ ਹਾਲਾਤ ਬਣੇ ਹੋਏ ਹਨ। ਇਥੇ ਕਾਲੀ ਮਾਤਾ ਮੰਦਰ ਦੇ ਨੇੜੇ ਮਾਲ ਰੋਡ ‘ਤੇ ਦੋਵਾਂ ਧਿਰਾਂ ਦਰਮਿਆਨ ਪਥਰਾਅ ਹੋਇਆ, ਕਾਰਨ ਪੁਲੀਸ ਨੂੰ ਹਵਾਈ ਫਾਇਰ ਕਰਨੇ ਪਏ। ਇਸ ਦੌਰਾਨ ਜਿੱਥੇ ਖ਼ਾਲਿਸਤਾਨ ਖ਼ਿਲਾਫ਼ ਸ਼ਿਵ ਸੈਨਾ ਬਾਲ ਠਾਕਰੇ ਵੱਲੋਂ ਮਾਰਚ ਕਰਨ ਦਾ ਐਲਾਨ ਕੀਤਾ ਗਿਆ ਸੀ ਉਥੇ ਹੀ ਖਾਲਸਾ ਦੇ ਹੱਕ ਵਿਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਤੇ ਦਮਦਮੀ ਟਕਸਾਲ ਜਥਾ ਰਾਜਪੁਰਾ ਦੇ ਆਗੂ ਬਲਜਿੰਦਰ ਸਿੰਘ ਪਰਵਾਨਾ ਸਮੇਤ ਕੁਝ ਹੋਰ ਜਥੇਬੰਦੀਆਂ ਨੇ ਐਲਾਨ ਕੀਤਾ ਸੀ, ਜਿਸ ਕਾਰਨ ਵੱਡੀ ਗਿਣਤੀ ਵਿੱਚ ਸਿੱਖ ਨੌਜਵਾਨ ਆਗੂ ਅਤੇ ਨਿਹੰਗ ਸਿੰਘ ਵੀ ਪੁੱਜੇ ਹੋਏ ਹਨ। ਸਿੱਖ ਜਥੇਬੰਦੀਆਂ ਤੇ ਗੁਰਦੁਆਰਾ ਦੂਖਨਿਵਾਰਨ ਸਾਹਿਬ ਵਿਖੇ ਇਕੱਠੀਆਂ ਹੋਈਆਂ। ਹਿੰਦੂ ਜਥੇਬੰਦੀਆਂ ਪਹਿਲਾਂ ਕਾਲੀ ਮਾਤਾ ਮੰਦਰ ਵਿਖੇ ਇਕੱਠੀਆਂ ਹੋਈਆਂ ਅਤੇ ਫਿਰ ਉਨ੍ਹਾਂ ਨੇ ਸ਼ਹਿਰ ਵਿੱਚ ਮਾਰਚ ਕਰਨ ਦੀ ਕੋਸ਼ਿਸ਼ ਕੀਤੀ। ਭਾਵੇਂ ਕਿ ਤਣਾਅ ਦੇ ਹਾਲਾਤ ਅਜੇ ਵੀ ਬਣੇ ਹੋਏ ਹਨ ਪਰ ਪੁਲੀਸ ਦਾ ਦਾਅਵਾ ਹੈ ਕਿ ਹਾਲਾਤ ਕਾਬੂ ਵਿੱਚ ਹਨ। ਸੂਤਰਾਂ ਤੋਂ ਪਤਾ ਲੱਗਾ ਕਿ ਲੀਲਾ ਭਵਨ ਚੌਂਕ ਵਿਖੇ ਕਿਰਪਾਨ ਵੱਜਣ ਕਾਰਨ ਪੁਲੀਸ ਮੁਲਾਜ਼ਮ ਜ਼ਖ਼ਮੀ ਵੀ ਹੋਇਆ ਇਸ ਦੌਰਾਨ ਡੀਸੀ ਪਟਿਆਲਾ ਸਾਕਸ਼ੀ ਸਾਹਨੀ ਨੇ ਸ਼ਾਂਤੀ ਅਤੇ ਸਦਭਾਵਨਾ ਬਰਕਰਾਰ ਰੱਖਣ ਦਾ ਸੁਨੇਹਾ ਦਿੱਤਾ ਹੈ।




### ਘੱਟ ਗਿਣਤੀਆਂ ਬਾਰੇ ਕੌਮੀ ਕਮਿਸ਼ਨ ਨੇ ਮੰਗੀ ਰਿਪੋਰਟ

ਨਵੀਂ ਦਿੱਲੀ-ਘੱਟਗਿਣਤੀਆਂ ਬਾਰੇ ਕੌਮੀ ਕਮਿਸ਼ਨ (ਐੱਨਸੀਐੱਮ) ਨੇ ਪਟਿਆਲਾ ਜ਼ਿਲ੍ਹੇ ਵਿਚ ਦੋ ਧਿਰਾਂ ‘ਚ ਹੋਏ ਟਕਰਾਅ ਨੂੰ ਲੈ ਕੇ ਪੰਜਾਬ ਦੇ ਮੁੱਖ ਸਕੱਤਰ ਅਨਿਰੁਧ ਤਿਵਾੜੀ ਤੋਂ ਰਿਪੋਰਟ ਮੰਗ ਲਈ ਹੈ। ਮੁੱਖ ਸਕੱਤਰ ਨੂੰ ਹਫ਼ਤੇ ਅੰਦਰ ਰਿਪੋਰਟ ਸੌਂਪਣ ਲਈ ਕਿਹਾ ਗਿਆ ਹੈ।

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 WAGES:$24-$28 PER HOUR
HEALTH CARE ASSISTANT $5250 WAGES:$17-$26.50 PER HOUR
PHARMACY ASSISTANT $5500 WAGES:$19.61-$27.30 PER HOUR
CERTIFIED DENTAL ASSISTANT $14,000 WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੂਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਪੰਚਾਇਤ ਮੰਤਰੀ ਨੇ 29 ਏਕੜ ਪੰਚਾਇਤੀ ਜ਼ਮੀਨ ਤੋਂ ਨਜਾਇਜ ਕਬਜ਼ਾ ਛੁਡਾਇਆ

ਕੁਰਾਲੀ-ਬਲਾਕ ਮਾਜਰੀ ਦੇ ਪਿੰਡਾਂ ਵਿੱਚ ਭੂ-ਮਾਫ਼ੀਆ ਵੱਲੋਂ ਕੀਤੇ ਨਾਜਾਇਜ਼ ਕਬਜ਼ਿਆਂ ਖ਼ਿਲਾਫ਼ ਮੋਰਚਾ ਖੋਲ੍ਹਦਿਆਂ ਪੰਜਾਬ ਸਰਕਾਰ ਨੇ ਰਸੂਖ਼ਵਾਨ ਵਿਅਕਤੀ ਵੱਲੋਂ ਅਭੀਪੁਰ ਵਿੱਚ ਕਰੀਬ 29 ਏਕੜ ਜ਼ਮੀਨ 'ਤੇ ਕੀਤਾ ਕਬਜ਼ਾ ਹਟਾ ਕੇ ਜ਼ਮੀਨ ਪ੍ਰਸ਼ਾਸਨ ਦੇ ਕਬਜ਼ੇ ਅਧੀਨ ਕਰ ਲਈ ਹੈ। ਇਸ ਕਾਰਵਾਈ ਦੀ ਅਗਵਾਈ ਪੰਜਾਬ ਦੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕੀਤੀ। ਬਾਦਲਾਂ ਦੇ ਸੁੱਖ ਵਿਲਾਸ ਹੋਟਲ ਦੇ ਨਾਲ ਲਗਦੀ ਇਸ 29 ਏਕੜ ਜ਼ਮੀਨ ਤੋਂ ਕਬਜ਼ਾ ਹਟਾਉਣ ਦੀ ਇਹ ਕਾਰਵਾਈ ਵਿਭਾਗ ਦੇ ਡਾਇਰੈਕਟਰ ਗੁਰਪ੍ਰੀਤ ਸਿੰਘ ਖਹਿਰਾ, ਵਿਭਾਗ ਦੇ ਸਕੱਤਰ ਅਤੇ ਮਾਲ ਵਿਭਾਗ ਦੇ ਅਧਿਕਾਰੀਆਂ ਤੋਂ ਇਲਾਵਾ ਪੁਲੀਸ ਦੀ ਹਾਜ਼ਰੀ ਵਿੱਚ ਕੀਤੀ ਗਈ। ਜਾਣਕਾਰੀ ਮੁਤਾਬਕ ਸੁੱਖ ਵਿਲਾਸ ਹੋਟਲ ਨੇੜੇ ਸਥਿਤ ਜ਼ਮੀਨ 'ਤੇ ਇੱਕ ਰਸੂਖ਼ਵਾਨ ਵੱਲੋਂ ਲੰਬੇ ਸਮੇਂ ਤੋਂ ਕਬਜ਼ਾ ਕੀਤਾ ਹੋਇਆ ਸੀ। ਮੌਕੇ 'ਤੇ ਪੁੱਜੇ ਅਧਿਕਾਰੀਆਂ ਤੋਂ ਮਿਲੀ ਜਾਣਕਾਰੀ ਅਨੁਸਾਰ ਇਹ ਜ਼ਮੀਨ ਪੰਚਾਇਤ ਵਿਭਾਗ ਦੀ ਮਾਲਕੀ ਵਾਲੀ ਹੈ। ਇਸ 'ਤੇ ਗ਼ਲਤ ਢੰਗ ਨਾਲ ਕਬਜ਼ਾ ਕੀਤਾ ਹੋਇਆ ਸੀ। ਪੇਂਡੂ ਵਿਕਾਸ ਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਟੀਮ ਨੇ ਪੁਰਾਣਾ ਕਬਜ਼ਾ ਹਟਾ ਕੇ ਜ਼ਮੀਨ 'ਤੇ ਆਪਣਾ ਕਬਜ਼ਾ ਕਰ ਲਿਆ ਹੈ। ਕੈਬਨਿਟ ਮੰਤਰੀ ਕੁਲਦੀਪ ਧਾਲੀਵਾਲ ਨੇ ਦੱਸਿਆ ਕਿ ਬਿਕਰਮ ਸਿੰਘ ਨਾਮੀ ਵਿਅਕਤੀ ਵੱਲੋਂ ਸਾਲ 2007 ਤੋਂ ਇਸ ਜ਼ਮੀਨ ਉੱਪਰ ਨਾਜਾਇਜ਼ ਕਬਜ਼ਾ ਕੀਤਾ ਹੋਇਆ ਸੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਕੁਲੈਕਟਰ ਮੁਹਾਲੀ ਵੱਲੋਂ ਇਸ ਜ਼ਮੀਨ ਤੋਂ ਨਾਜ਼ਾਇਜ ਕਬਜ਼ਾ ਹਟਾਉਣ ਲਈ ਸਾਲ 2014 ਵਿਚ ਹੁਕਮ ਜਾਰੀ ਕੀਤੇ ਗਏ ਸਨ ਪਰ ਕੁਝ ਕਾਨੂੰਨੀ ਅੜਚਣਾਂ ਦੇ ਚਲਦਿਆਂ ਵਿਭਾਗ ਦੇ ਅਧਿਕਾਰੀ ਅਤੇ ਪੰਚਾਇਤ ਇਹ ਕਬਜ਼ਾ ਛੁਡਵਾ ਨਹੀਂ ਸਕੇ ਸਨ। ਪੰਚਾਇਤ ਮੰਤਰੀ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਬਣਦਿਆਂ ਹੀ ਇਹ ਵੱਡੀ ਕਰਾਵਾਈ ਕਰਦਿਆਂ ਅੱਜ ਮੁਹਾਲੀ ਜ਼ਿਲ੍ਹੇ ਦੀ ਇਹ ਬਹੁ-ਕਰੋੜੀ ਜ਼ਮੀਨ ਤੋਂ ਨਾਜਾਇਜ਼ ਕਬਜ਼ਾ ਛੁਡਵਾ ਲਿਆ ਗਿਆ ਹੈ। ਸ੍ਰੀ ਧਾਲੀਵਾਲ ਨੇ ਦੱਸਿਆ ਕਿ ਲੰਬੇ ਸਮੇਂ ਤੋਂ ਬਾਅਦ ਇਹ ਜ਼ਮੀਨ ਸਰਕਾਰ ਦੇ ਕਬਜ਼ੇ ਵਿੱਚ ਆਈ ਹੈ। ਉਨ੍ਹਾਂ ਕਿਹਾ ਇਹ ਕਾਰਵਾਈ ਪੰਜਾਬ ਦੀ ਮੌਜੂਦਾ ਸਰਕਾਰ ਦੀ ਕੇਵਲ ਸ਼ੁਰੂਆਤ ਹੈ ਅਤੇ ਨੇੜਲੇ ਭਵਿੱਖ ਵਿੱਚ ਅਜਿਹੀਆਂ ਵੱਡੀਆਂ ਕਾਰਵਾਈਆਂ ਦੇਖਣ ਨੂੰ ਮਿਲਣਗੀਆਂ। ਸ੍ਰੀ ਧਾਲੀਵਾਲ ਨੇ ਕਿਹਾ ਮੁਹਾਲੀ ਜ਼ਿਲ੍ਹੇ ਵਿੱਚ ਵੱਡੇ-ਵੱਡੇ ਲੋਕਾਂ ਵੱਲੋਂ ਸਰਕਾਰੀ ਜ਼ਮੀਨਾਂ 'ਤੇ ਕਬਜ਼ਾ ਕੀਤਾ ਹੋਇਆ ਹੈ। ਉਨ੍ਹਾਂ ਕਿਹਾ ਕਿ 31 ਮਈ ਤੱਕ ਕਰੀਬ ਪੰਜ ਹਜ਼ਾਰ ਏਕੜ ਜ਼ਮੀਨ ਨੂੰ ਅਜਿਹੇ ਰਸੂਖ਼ਵਾਨਾਂ ਦੇ ਕਬਜ਼ੇ ਵਿੱਚੋਂ ਹਟਾਇਆ ਜਾਵੇਗਾ। ਉਨ੍ਹਾਂ ਜਸਟਿਸ ਕੁਲਦੀਪ ਸਿੰਘ ਵੱਲੋਂ ਨਾਜਾਇਜ਼ ਕਬਜ਼ਿਆਂ ਵਾਲੀ ਰਿਪੋਰਟ ਬਾਰੇ ਕਿਹਾ ਕਿ ਜਲਦ ਹੀ ਇਸ ਰਿਪੋਰਟ ਨੂੰ ਘੋਖ ਕੇ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।


ਭਾਰਤੀ ਪੈਨ ਕਾਰਡ ਸੇਵਾਵਾਂ



ਫਾਰਮ ਜਮ੍ਹਾਂ ਕਰਨ ਤੋਂ 5-7 ਦਿਨਾਂ ਵਿੱਚ
ਡਿਜੀਟਲ ਈ-ਪੈਨ ਕਾਰਡ ਪ੍ਰਾਪਤ ਕਰੋ

ਕਾਲ ਕਰੋ ਅਤੇ ਆਪਣੀ ਅਪਾਇੰਟਮੈਂਟ ਬੁੱਕ ਕਰੋ
ਹੋਮ ਵਿਜ਼ਿਟ ਸੇਵਾ ਉਪਲਬਧ
(ਕੁਝ ਸ਼ਰਤਾਂ ਲਾਗੂ ਹਨ)
Call: 416-996-1341






- ਤੁਹਾਨੂੰ ਭਾਰਤੀ ਪੈਨ ਕਾਰਡ ਦੀ ਲੋੜ ਹੈ ਜੋ ਕਿ ਤੁਹਾਡੇ ਘਰ ਤੱਕ ਪਹੁੰਚ ਸਕਦਾ ਹੈ।
- ਪੈਨ ਕਾਰਡ ਵਿੱਚ ਸੁਧਾਰ / ਅੱਪਡੇਟ ਦੀ ਲੋੜ ਹੈ।
- ਗੁਆਚਿਆ/ਨੁਕਸਾਨੀਆ ਪੈਨ ਕਾਰਡ ਦੀ ਲੋੜ ਹੈ
- ਰਿਪੈਟਰੀਏਸ਼ਨ ਵਾਸਤੇ 15 CB/15 CA 'ਤੇ ਸਲਾਹ ਦੀ ਲੋੜ ਹੈ।
- TDS ਰਿਫੰਡ 'ਤੇ ਸਲਾਹ ਦੀ ਲੋੜ ਹੈ।
- ਟੈਕਸੇਸ਼ਨ ਅਤੇ ਇਨਕਮ ਟੈਕਸ ਰਿਟਰਨ ਫਾਈਲਿੰਗ ਜਾਂ ਰਿਪੈਟਰੀਏਸ਼ਨ ਲਈ ਆਰਬੀਆਈ ਦੀ ਮਨਜ਼ੂਰੀ।

Call: 416-996-1341


## ਹਾਈ ਸਕੂਲ 'ਚ ਬੇਹੋਸ਼ੀ ਦੌਰਾਨ ਮੇਰੀ ਕੁੱਟਮਾਰ ਕੀਤੀ ਗਈ- ਕਿਸ਼ੋਰ ਪੀੜਤ ਦਾ ਦੋਸ਼

ਵਿਕਟੋਰੀਆ-ਰਿਚਮੰਡ ਦੀ ਕਿਸ਼ੋਰ ਜਿਸ 'ਤੇ ਸਕੂਲ ਵਿਚ ਹਮਲਾ ਕੀਤਾ ਗਿਆ ਦੇ ਪਰਿਵਾਰ ਦਾ ਕਹਿਣਾ ਕਿ ਉਨ੍ਹਾਂ ਨੂੰ ਆਸ ਹੈ ਕਿ ਹਮਲਾਵਰ ਦੀਆਂ ਕਾਰਵਾਈਆਂ ਦੇ ਨਤੀਜੇ ਸਾਹਮਣੇ ਆਉਣਗੇ। 14 ਸਾਲਾ ਕਿਸ਼ੋਰ ਨੂੰ ਹਿਊਗ ਬੋਇਡ ਸੈਕੰਡਰੀ ਸਕੂਲ ਵਿਖੇ ਕੁੱਟਿਆ ਗਿਆ ਜਿਸ ਨਾਲ ਉਸ ਦੇ ਮੂੰਹ 'ਤੇ ਸੱਟਾਂ ਲੱਗੀਆਂ ਸਨ। ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿਥੋਂ ਉਸ ਨੂੰ ਛੁੱਟੀ ਦੇ ਦਿੱਤੀ ਗਈ। ਰਿਚਮੰਡ ਆਰਸੀਐਮਪੀ 21 ਅਪ੍ਰੈਲ ਨੂੰ ਵਾਪਰੀ ਘਟਨਾ ਦੀ ਜਾਂਚ ਕਰ ਰਹੀ ਹੈ। ਪੁਲਿਸ ਨੇ ਘਟਨਾ ਵਿਚ ਸ਼ਾਮਿਲ ਵਿਦਿਆਰਥੀਆਂ ਦੇ ਨਾਂਅ ਰਿਲੀਜ਼ ਨਹੀਂ ਕੀਤੇ ਪਰ ਕਿਹਾ ਕਿ 14 ਸਾਲਾ ਵਿਦਿਆਰਥਣ ਨੂੰ ਗੰਭੀਰ ਸੱਟਾਂ ਨਾਲ ਹਸਪਤਾਲ ਦਾਖਲ ਕਰਵਾਇਆ ਸੀ ਅਤੇ 17 ਸਾਲ ਦੇ ਇਕ ਮਰਦ ਵਿਦਿਆਰਥੀ ਨੂੰ ਗ੍ਰਿਫ਼ਤਾਰ ਕੀਤਾ ਸੀ ਜਿਸ ਨੂੰ ਉਸ ਦੇ ਗਾਰਡੀਅਨ ਦੇ ਹਵਾਲੇ ਕਰ ਦਿੱਤਾ ਗਿਆ।

## ਮੈਸੀ ਸੁਰੰਗ ਬਦਲਣ ਲਈ ਲੋਕ ਸੁਝਾਵਾਂ ਦੀ ਮੰਗ ਕੀਤੀ

ਸਰੀ-ਜਨਤਾ ਹੁਣ ਆਗਾਮੀ ਜੌਰਜ ਮੈਸੀ ਟਨਲ ਦੀ ਤਬਦੀਲੀ ਬਾਰੇ ਸੁਝਾਅ ਦੇ ਸਕਦੀ ਹੈ ਕਿਉਂਕਿ ਸੂਬਾ ਵਾਤਾਵਰਣ ਮੁਲਾਂਕਣ ਪ੍ਰਕਿਰਿਆ ਨਾਲ ਅੱਗੇ ਵਧਣ ਦੀ ਤਿਆਰੀ ਕਰ ਰਿਹਾ ਹੈ। 25 ਅਪ੍ਰੈਲ ਨੂੰ ਬੀਸੀ ਦੇ ਟਰਾਂਸਪੋਰਟ ਤੇ ਬੁਨਿਆਦੀ ਢਾਂਚਾ ਮੰਤਰਾਲੇ ਨੇ ਐਲਾਨ ਕੀਤਾ ਕਿ ਪ੍ਰਸਤਾਵਤ 8 ਲੇਨ ਵਾਲੀ ਸੁਰੰਗ ਜਿਸ ਨੂੰ ਹੁਣ ਫਰੇਜ਼ਰ ਰਿਵਰ ਟਨਲ ਪ੍ਰਾਜੈਕਟ ਨਾਲ ਜਾਣਿਆਂ ਜਾਂਦਾ ਹੈ ਲਈ ਵਾਤਾਵਰਣ ਮੁਲਾਂਕਣ ਪ੍ਰਕਿਰਿਆ ਦਾ ਸ਼ੁਰੂਆਤੀ ਪੜਾਅ ਚਲ ਰਿਹਾ ਹੈ। ਹੁਣ ਤੋਂ 9 ਜੂਨ ਤਕ ਲੋਕ ਇਸ ਬਾਰੇ ਪ੍ਰਤੀਕਿਰਿਆ ਦੇ ਸਕਦੇ ਹਨ ਕਿ ਉਹ ਵਾਤਾਵਰਣ ਮੁਲਾਂਕਣ ਪ੍ਰਕਿਰਿਆ ਅਤੇ ਪ੍ਰਾਜੈਕਟ ਦੀ ਬਣਤਰ ਜਾਂ ਸਥਾਨ ਨਾਲ ਮੁੱਖ ਇੰਟਰੈਸਟਸ ਤੇ ਮੁੱਦਿਆਂ ਵਿਚ ਕਿਵੇਂ ਸ਼ਾਮਿਲ ਰਹਿਣਾ ਚਾਹੁੰਦੇ ਹਨ। ਇਸ ਸ਼ੁਰੂਆਤੀ ਸ਼ਮੂਲੀਅਤ ਦੌਰਾਨ ਮੁਹੱਈਆ ਕੀਤੀ ਗਈ ਪ੍ਰਤੀਕਿਰਿਆ ਦੀ ਵਰਤੋਂ ਵਾਤਾਵਰਣ ਦੇ ਸਾਰੇ ਪੜਾਵਾਂ ਦੌਰਾਨ ਪ੍ਰਾਜੈਕਟ ਦੀ ਯੋਜਨਾਬੰਦੀ ਤੇ ਵਿਕਾਸ ਬਾਰੇ ਜਾਣਕਾਰੀ ਦੇਣ ਲਈ ਕੀਤੀ ਜਾਵੇਗੀ।

## ਗੋਰਡਨ ਹੌਗ ਵਲੋਂ ਸਰੀ ਜਾਂ ਵਾਈਟ ਰੌਕ ਦੇ ਮੇਅਰ ਦੀ ਚੋਣ ਲੜਨ 'ਤੇ ਵਿਚਾਰ

ਸਰੀ-ਮਿਉਂਸਪਲ, ਸੂਬੇ ਤੇ ਫੈਡਰਲ ਸਿਆਸਤ ਦੇ ਤਜਰਬੇਕਾਰ ਸਿਆਸਤਦਾਨ ਗੋਰਡਨ ਹੌਗ ਨਾਲ ਬੀਸੀ ਦੇ ਦੋ ਸਭ ਤੋਂ ਤੇਜ਼ੀ ਨਾਲ ਵਧ ਰਹੇ ਸ਼ਹਿਰਾਂ ਵਿਚ ਇਕ ਦੇ ਮੇਅਰ ਦੀ ਚੋਣ ਲੜਨ ਲਈ ਸਰੀ ਫਸਟ ਵਲੋਂ ਪਹੁੰਚ ਕੀਤੀ ਗਈ ਹੈ ਪਰ ਵਾਈਟ ਰੌਕ ਦੇ ਵਾਸੀ ਤੇ ਉਸ ਸ਼ਹਿਰ ਦੇ ਸਾਬਕਾ ਮੇਅਰ ਨੇ ਅਜੇ ਇਸ ਬਾਰੇ ਫ਼ੈਸਲਾ ਲੈਣਾ ਹੈ ਕਿਉਂਕਿ ਉਸ ਦਾ ਕਹਿਣਾ ਕਿ ਲੋਕਾਂ ਨੇ ਉਸ ਨੂੰ ਉਥੋਂ ਚੋਣ ਲੜਨ 'ਤੇ ਵਿਚਾਰ ਕਰਨ ਲਈ ਕਿਹਾ। ਇਕ ਦਹਾਕਾ ਕੌਂਸਲਰ ਰਹਿਣ ਪਿੱਛੋਂ ਹੌਗ 1984 ਤੋਂ 1993 ਤਕ ਵਾਈਟ ਰੌਕ ਦੇ ਮੇਅਰ ਰਹੇ ਹਨ ਪਰ ਉਨ੍ਹਾਂ ਦੀ ਰਾਜਸੀ ਤੇ ਪੇਸ਼ਾਵਰ ਜਿੰਦਗੀ ਕਈ ਸਾਲਾਂ ਤੋਂ ਸਰੀ ਨਾਲ ਪੂਰੀ ਡੂੰਘਾਈ ਨਾਲ ਜੁੜੀ ਰਹੀ ਹੈ। ਉਹ 1997 ਤੋਂ 2013 ਵਿਚਕਾਰ ਸਰੀ-ਵਾਈਟ ਰੌਕ ਤੋਂ ਪੰਜ ਵਾਰ ਬੀਸੀ ਲਿਬਰਲ ਐਮਐਲਏ ਵਜੋਂ ਚੁਣੇ ਜਾਂਦੇ ਰਹੇ ਹਨ। ਹੌਗ ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਪਹਿਲੇ ਕਾਰਜਕਾਲ ਦੌਰਾਨ ਵਾਈਟ ਰੌਕ-ਸਾਊਥ ਸਰੀ ਤੋਂ ਪਾਰਲੀਮੈਂਟ ਮੈਂਬਰ ਵਜੋਂ ਸੇਵਾ ਨਿਭਾਈ ਹੈ।


Get your Mortgage approved from the
CANADA'S TOP #26 MORTGAGE BROKER
CANADIAN MORTGAGE PROFESSIONAL MAGAZINE 2022 TOP 75 BROKERS CMP

- Purchase • Renewal • Refinance
- Construction & Farm Mortgages

2.45%* 5 Years Variable Closed *Conditions Apply.

GET CASH BACK UPTO $4,000*



RAJ GILL, AMP
604 564 1000
VANCOUVER
Unit 200-6330 Fraser St
@47 Ave & Fraser St

Our Symbol of Care & Service
Superior Mortgage
The Banking Alternative
*Some conditions apply.



SHARNJIT GILL, AMP
604 507 1000
SURREY
Unit 244 8138 128 St
www.quickapproval.ca



JJB INSURANCE
BBB ACCREDITED BUSINESS
Sarban Singh Sidhu
604-507-6866
#1, 13791, 72 AVE, SURREY (NEAR FRUITICANA)
We Are Specialist In Setting Up New Prorate Co, Fleet, Cargo
Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |



*RATES SUBJECT TO CHANGE WITHOUT ANY NOTICE

HOUSE INSURANCE UP TO 65% DISCOUNT AVAILABLE

THESE RATES INCLUDE:-
- REPLACEMENT COST ON DWELLING & CONTENTS
- SEWER BACKUP • CLAIM FREE DISCOUNT
- SENIOR / MORTGAGE FREE DISCOUNT
- HOME PROTECTION DISCOUNT
- NEW HOME DISCOUNT • DEDUCTIBLE DISCOUNT

Life • Critical • Disability • RRSP • RESP • Visitor • Super Visa

Ask for Special Rate for Super Visa Insurance
Money Back upon Visa Declined

- ਪਹਿਲੀ ਵਾਰ ਘਰ ਖ਼੍ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
- ਘਰਾਂ, ਕਾਰਾਂ, ਟਰੱਕਾਂ ਦੀ ਇੰਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ

Wawanesa Insurance

Call Us Before You Renew / Buy Any Insurance Lien & Accident Search Available

# ਕੈਨੇਡਾ ਵਿਚ ਵਧ ਰਹੀ ਬਜ਼ੁਰਗਾਂ ਦੀ ਆਬਾਦੀ ਲਈ ਕਿਫਾਇਤੀ ਤੇ ਪਹੁੰਚਯੋਗ ਘਰਾਂ ਦੀ ਲੋੜ




ਓਟਵਾ-ਮਾਹਿਰਾਂ ਦਾ ਕਹਿਣਾ ਕਿ ਕੈਨੇਡਾ ਦੇ 85 ਸਾਲ ਤੋਂ ਜ਼ਿਆਦਾ ਉਮਰ ਦੇ ਬਜ਼ੁਰਗਾਂ ਦੀ ਵਧ ਰਹੀ ਆਬਾਦੀ ਲਈ ਜ਼ਿਆਦਾ ਕਿਫਾਇਤੀ ਤੇ ਪਹੁੰਚਯੋਗ ਘਰਾਂ ਦੀ ਲੋੜ ਹੈ ਕਿਉਂਕਿ ਦੇਸ਼ ਵਿਚ ਇਸ ਉਮਰ ਦਾ ਗਰੁੱਪ ਸਭ ਤੋਂ ਤੇਜ਼ੀ ਨਾਲ ਵਧ ਰਿਹਾ ਹੈ। 2021 ਦਾ ਤਾਜ਼ਾ ਅੰਕੜਾ ਦੱਸਦਾ ਹੈ ਕਿ 2016 ਪਿੱਛੋਂ 85 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਦੀ ਆਬਾਦੀ 12 ਫ਼ੀਸਦੀ ਵਧੀ ਹੈ ਜਿਹੜੀ ਕੈਨੇਡਾ ਦੀ ਆਬਾਦੀ ਦੇ ਕੁਲ ਵਾਧੇ 5.2 ਫ਼ੀਸਦੀ ਨਾਲੋਂ ਦੁੱਗਣੇ ਤੋਂ ਵੀ ਜ਼ਿਆਦਾ ਹੈ। 2001 ਦੀ ਮਰਦਮਸ਼ੁਮਾਰੀ ਪਿੱਛੋਂ 85 ਸਾਲ ਤੋਂ ਵੱਧ ਉਮਰ ਦੇ ਲੋਕਾਂ ਦੀ ਗਿਣਤੀ ਦੁੱਗਣੀ ਹੋ ਗਈ ਹੈ ਅਤੇ ਇਹ 2046 ਤਕ ਤਿੱਗਣੀ ਹੋਣ ਦੀ ਆਸ ਹੈ ਜਿਸ ਕਾਰਨ ਇਹ ਸਵਾਲ ਉੱਠ ਰਹੇ ਹਨ ਕਿ ਉਸ ਪੀੜ੍ਹੀ ਦੀ ਦੇਖਭਾਲ ਕੌਣ ਕਰੇਗਾ ਤੇ ਉਹ ਕਿੱਥੇ ਰਹਿਣਗੇ। ਕੈਨੇਡਾ ਦੇ ਨੈਸ਼ਨਲ ਸੀਨੀਅਰਜ਼ ਐਡਵੋਕੇਸੀ ਆਰਗਨਾਈਜ਼ੇਸ਼ਨ, ਕੈਨਏਜ ਦੇ ਸੀਈਓ ਲੌਰਾ ਟੈਂਬਲੀਨ ਵਾਟਸ ਨੇ ਸੀਟੀਵੀ ਨਿਊਜ਼ ਚੈਨਲ ਨੂੰ ਦੱਸਿਆ ਕਿ ਕੈਨੇਡਾ ਵਿਚ ਬਜ਼ੁਰਗਾਂ ਦੀ ਆਬਾਦੀ ਵਧ ਰਹੀ ਹੈ। ਕੌਮੀ ਰਣਨੀਤੀ ਤੋਂ ਬਿਨ੍ਹਾਂ ਸੀਨੀਅਰਜ਼ ਲਈ ਉਨ੍ਹਾਂ ਦੀ ਉਮਰ ਮੁਤਾਬਿਕ ਘਰਾਂ ਦੇ ਥੋੜੇ ਵਿਕਲਪ ਰਹਿ ਜਾਣਗੇ ਜਦੋਂ ਤਕ ਕੈਨੇਡਾ ਬਜ਼ੁਰਗਾਂ ਲਈ ਕਿਫਾਇਤੀ ਰਹਿਣਯੋਗ ਦਿਸ਼ਾਂ ਨੂੰ ਲਾਗੂ ਨਹੀਂ ਕਰਦਾ।

# ਐਲਨ ਮਸਕ ਦੀ ਟਵਿੱਟਰ ਦੀ ਖਰੀਦਦਾਰੀ ਸੋਸ਼ਲ ਮੀਡੀਆ 'ਤੇ ਮੁਕਤ ਭਾਸ਼ਣ ਨੂੰ ਕਰ ਸਕਦੀ ਹੈ ਪ੍ਰਭਾਵਤ



ਵੈਨਕੂਵਰ-44 ਅਰਬ ਡਾਲਰ ਵਿਚ ਐਲਨ ਮਸਕ ਵਲੋਂ ਟਵਿੱਟਰ ਦੀ ਖਰੀਦ ਪਿੱਛੋਂ ਇਸ ਵਿਚ ਤਬਦੀਲੀਆਂ ਦੇਖਣ ਨੂੰ ਮਿਲ ਸਕਦੀਆਂ ਹਨ ਅਤੇ ਬੀਸੀ ਵਿਚ ਇਕ ਸਮਾਜ ਸ਼ਾਸਤਰ ਮਾਹਿਰ ਦਾ ਕਹਿਣਾ ਕਿ ਵਿਸ਼ਵ ਦੇ ਸਭ ਤੋਂ ਅਮੀਰ ਵਿਅਕਤੀ ਦੀ ਬੋਲਣ ਦੀ ਆਜ਼ਾਦੀ ਦੀ ਭਾਲ ਦੇ ਚਿੰਤਾਜਨਕ ਨਤੀਜੇ ਹੋ ਸਕਦੇ ਹਨ। ਸੀਟੀਵੀ ਮੌਰਨਿੰਗ ਲਾਈਵ ਨੇ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਦੇ ਸਮਾਜ ਸ਼ਾਸਤਰ ਦੇ ਪ੍ਰੋਫੈਸਰ ਡੇਵਿਡ ਟਿੰਡਲ ਨੇ ਇਸ ਨੂੰ ਟੇਕਓਵਰ ਕਰਨ ਤੇ ਇਸ ਦੇ ਸੰਭਾਵਤ ਪ੍ਰਭਾਵਾਂ ਬਾਰ ਗੱਲਬਾਤ ਕੀਤੀ ਹੈ। ਆਲੋਚਕਾਂ ਨੂੰ ਚਿੰਤਾ ਹੈ ਕਿ ਮਸਕ ਕੋਲ ਬਹੁਤ ਜ਼ਿਆਦਾ ਤਾਕਤ ਹੋਵੇਗੀ ਜਦਕਿ ਦੂਸਰੇ ਸੌਦੇ ਦੀ ਇਹ ਕਹਿੰਦੇ ਹੋਏ ਪ੍ਰਸ਼ੰਸਾ ਕਰ ਰਹੇ ਹਨ ਕਿ ਇਹ ਆਨਲਾਈਨ ਮੁਕਤ ਸਪੀਚ ਦੀ ਰੱਖਿਆ ਕਰੇਗਾ। ਇਸ ਬਾਰੇ ਰਲੀਆਂ ਮਿਲੀਆਂ ਭਾਵਨਾਵਾਂ ਹਨ। ਇਕ ਗੱਲ ਇਹ ਹੈ ਕਿ ਐਲਨ ਮਸਕ ਮੁਕਤ ਸਪੀਚ ਦੇ ਇਕ ਕਿਸਮ ਦੇ ਸੁਤੰਤਰਤਾਵਾਦੀ ਵਿਚਾਰ ਨੂੰ ਗਲੇ ਲਗਾਵੇਗਾ ਜਿਸ ਦਾ ਅਸਲ ਵਿਚ ਨਤੀਜਾ ਕੁਝ ਵੀ ਹੋ ਸਕਦਾ ਹੈ। ਟਵਿੱਟਰ ਤੇ ਕੁਝ ਦੂਸਰੇ ਪਲੇਟਫਾਰਮਾਂ ਨੂੰ ਪਹਿਲਾਂ ਹੀ ਗਲਤ ਤੇ ਗੈਰ ਸਹਿਯੋਗੀ ਸੰਚਾਰ ਤੇ ਧੱਕੇਸ਼ਾਹੀ ਦੇ ਪਾਸਾਰ ਦੀਆਂ ਸਮੱਸਿਆਵਾਂ ਹਨ ਅਤੇ ਚਿੰਤਾ ਵਾਲੀ ਗੱਲ ਇਹ ਹੈ ਕਿ ਮਸਕ ਦੇ ਤਹਿਤ ਇਸ ਦੀ ਹਾਲਤ ਹੋਰ ਖਰਾਬ ਹੋ ਸਕਦੀ ਹੈ। ਮਸਕ ਨੇ ਪਿਛਲੇ ਸਮੇਂ ਵਿਚ ਟਵਿੱਟਰ ਨੂੰ ਡਿਜੀਟਲ ਟਾਊਨ ਸਕੁਏਅਰ ਕਿਹਾ ਜਿਥੇ ਭਵਿੱਖ ਦੇ ਅਹਿਮ ਮਾਮਲਿਆਂ 'ਤੇ ਬਹਿਸ ਕੀਤੀ ਜਾਂਦੀ ਹੈ ਪਰ ਟਿੰਡਲ ਦਾ ਕਹਿਣਾ ਕਿ ਇਸ ਆਦਰਸ਼ ਨੂੰ ਅਜੇ ਤਕ ਸਾਕਾਰ ਨਹੀਂ ਕੀਤਾ ਜਾ ਰਿਹਾ। ਮੈਨੂੰ ਲਗਦਾ ਹੈ ਕਿ ਇਸ ਤਰ੍ਹਾਂ ਦਾ ਥੋੜਾ ਹੋ ਰਿਹਾ ਹੈ ਪਰ ਹੇਰਾਫੇਰੀ ਤੇ ਧੱਕੇਸ਼ਾਹੀ ਦੇ ਕੁਝ ਭੈੜ ਰੂਪ ਵੀ ਹਨ ਜਿਹੜੇ ਵਾਪਰ ਰਹੇ ਹਨ। ਪਿਛਲੇ ਸਾਲਾਂ ਵਿਚ ਖ਼ਾਸਕਰ ਮਹਾਂਮਾਰੀ ਦੌਰਾਨ ਟਵਿੱਟਰ ਤੇ ਫੇਸਬੁੱਕ ਵਰਗੇ ਸੋਸ਼ਲ ਮੀਡੀਆ ਪਲੇਟਫਾਰਮਾਂ ਨੇ ਗਲਤ ਜਾਣਕਾਰੀ ਨੂੰ ਫੈਲਣ ਨੂੰ ਸੀਮਤ ਕਰਨ ਲਈ ਕਾਰਵਾਈਆਂ ਕੀਤੀਆਂ ਹਨ। ਕੁਝ ਲੋਕਾਂ 'ਤੇ ਪਾਬੰਦੀ ਲਗਾਈ ਗਈ ਹੈ ਜਦਕਿ ਹੋਰ ਯੂਜ਼ਰ ਪੋਸਟਾਂ ਪਾਉਣ ਤੋਂ ਪਹਿਲਾਂ ਸ਼ਾਇਦ ਦੋ ਵਾਰ ਸੋਚਣ ਲੱਗੇ ਹਨ।


ਕੀ ਤੁਸੀਂ ਕਰਜ਼ੇ ਤੋਂ ਪ੍ਰੇਸ਼ਾਨ ਹੋ ?

ਤੁਸੀਂ ਕਰਜ਼ੇ ਤੇ ਟੈਕਸ ਤੋਂ ਬੱਚ ਸਕਦੇ ਹੋ।

WE REDUCE YOUR DEBT UP TO MAXIMUM LEVEL
WE HELP WITH ALL UNSECURED DEBT

ਕਿਸੇ ਤਰ੍ਹਾਂ ਦੀ ਵੀ ਫਾਈਨੈਸ਼ਲ ਪ੍ਰੋਬਲਮ ਹੋਵੇ

- ਕ੍ਰੈਡਿਟ ਕਾਰਡ - ਜੀ.ਐਸ.ਟੀ. - ਕੋਲੈਕਸ਼ਨ ਕਾਲਜ
- ਲਾਈਨ ਆਫ਼ ਕ੍ਰੈਡਿਟ - ਟੈਕਸ ਸਬੰਧੀ ਕੋਈ ਵੀ ਪ੍ਰੋਬਲਮ
- ਅਸੀਂ ਬੈਂਕਰਪਸੀ ਵਿੱਚ ਵੀ ਮਦਦ ਕਰਦੇ ਹਾਂ।

Any type of Financial Problems?
- Credit Cards - line of Credit
- Pay Day Loans - Retail Store Cards
- Bank Overdraft - GST/PST Debt
- CRA Debt

Any Business or Personal loans
Cut your debt up to
70% or more



Free Confidential Advice
Kulwinder Bains
Certified Credit Counseller
778 998 9402



DAY AND NIGHT LABOUR LTD.

ਗਰੀਨ ਹਾਊਸ ਵਰਕਰਾਂ ਦੀ ਲੋੜ



- ਸਾਨੂੰ ਗਰੀਨ ਹਾਊਸ ਵਿਚ ਗਰੇਡਿੰਗ ਅਤੇ ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ।
- ਸਿਰਫ ਕੈਨੇਡੀਅਨ ਸਿਟੀਜ਼ਨ, ਪੀ.ਆਰ. ਹੋਲਡਰ ਅਤੇ ਓਪਨ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
- ਸਾਨੂੰ ਨਰਸਰੀ ਵਰਕਰਾਂ ਦੀ ਵੀ ਲੋੜ ਹੈ।

ਅੱਜ ਹੀ ਸੰਪਰਕ ਕਰੋ:

ਸੰਨੀ ਸੰਧਰ 604-727-2421

## 400 ਸਾਲ ਗੁਰੂ ਦੇ ਨਾਲ

# ਗੁਰੂ ਤੇਗ ਬਹਾਦਰ ਹਿੰਦ ਦੀ ਚਾਦਰ...

**ਵਰਿੰਦਰ ਸਿੰਘ ਵਾਲੀਆ**

ਨੌਵੇਂ ਨਾਨਕ, ਸ੍ਰੀ ਗੁਰੂ ਤੇਗ ਬਹਾਦਰ ਜੀ ਕਰੁਣਾ, ਦਇਆ, ਸਾਹਸ ਅਤੇ ਕੁਰਬਾਨੀ ਦੇ ਅਥਾਹ ਸਾਗਰ ਹਨ ਜਿਨ੍ਹਾਂ ਦੀ ਅਦੁੱਤੀ ਸ਼ਖ਼ਸੀਅਤ ਦਾ ਵਰਣਨ ਕਰਨ ਲਈ ਦੁਨੀਆ ਦੀ ਹਰ ਭਾਸ਼ਾ ਊਣੀ ਭਾਸਦੀ ਹੈ। ਆਪ ਜੀ ਦੀ ਰਚੀ ਹੋਈ ਬਾਣੀ ਗਾਗਰ ਵਿਚ ਸਾਗਰ ਨਿਆਈਂ ਹੈ ਜਿਸ ਦਾ ਗਾਇਨ ਕਰਨ ਵੇਲੇ ਸਰੀਰ ਦਾ ਰੋਮ-ਰੋਮ ਸਾਜ਼ ਹੁੰਦੈ ਤੇ ਕਾਦਰ ਦੀ ਕੁਦਰਤ ਸਾਜ਼ਿੰਦਾ ਬਣ ਜਾਂਦੀ ਹੈ। ਗੁਰੂ ਜੀ ਵੱਲੋਂ ਦਿੱਤੀ ਗਈ 'ਗਿਆਨੀ-ਧਿਆਨੀ ਯੋਧਾ' ਦੀ ਪਰਿਭਾਸ਼ਾ ਅਲੌਕਿਕ ਹੈ :

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥**
**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥**

(ਭਾਵ, ਜਿਹੜਾ ਮਨੁੱਖ ਕਿਸੇ ਨੂੰ ਕੋਈ ਡਰਾਵਾ ਨਹੀਂ ਦਿੰਦਾ ਤੇ ਨਾ ਹੀ ਕਿਸੇ ਦੇ ਡਰਾਵੇ (ਧੌਂਸ) ਨੂੰ ਮੰਨਦਾ ਹੈ, ਉਸ ਨੂੰ ਹੀ ਧਾਰਮਿਕ ਬੁਲੰਦੀ ਵਾਲਾ ਮੰਨਿਆ ਜਾਂਦਾ ਹੈ।) ਨਿਰਭਉ ਅਤੇ ਨਿਰਵੈਰ ਸਿੱਖੀ ਦੇ ਮੂਲ ਮੰਤਰ 'ਚ ਅੰਕਿਤ ਹੈ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਨਿਰਭਉ ਸ਼ਬਦ ਨੂੰ ਪਰਿਭਾਸ਼ਿਤ ਕੀਤਾ ਤੇ ਅਮਲੀ ਜਾਮਾ ਗੁਰੂ ਤੇਗ ਬਹਾਦਰ ਜੀ ਨੇ ਪਹਿਨਾਇਆ ਹੈ। ਪਹਿਲੇ ਨਾਨਕ "ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥ ਇਤੁ ਮਾਰਗਿ ਪੈਰੁ ਧਰੀਜੈ ॥ ਸਿਰ ਦੀਜੈ ਕਾਣਿ ਨ ਕੀਜੈ।" ਸ਼ਬਦ ਰਾਹੀਂ ਸਿਰ ਭੇਟਾ ਕਰਨ ਸਮੇਂ ਕਿਸੇ ਕਿਸਮ ਦੀ ਕਾਣ ਜਾਂ ਝਿਜਕ ਨਾ ਦਿਖਾਉਣ ਦਾ ਸੁਨੇਹਾ ਦਿੰਦੇ ਹਨ। ਇਹ 'ਪ੍ਰੇਮ ਖੇਲਣ ਕਾ ਚਾਉ' ਵਾਲਿਆਂ ਲਈ ਪ੍ਰਥਮ ਸ਼ਰਤ ਹੈ ਕਿ ਉਹ ਤਲੀਆਂ 'ਤੇ ਸੀਸ ਟਿਕਾ ਕੇ ਘਰੋਂ ਨਿਕਲਣ। ਗੁਰੂ ਤੇਗ ਬਹਾਦਰ ਜੀ ਦੀ ਅਦੁੱਤੀ ਸ਼ਹਾਦਤ ਨੇ ਕੁਰਬਾਨੀ ਦੀ ਪਰਿਭਾਸ਼ਾ ਨੂੰ ਹੀ ਬਦਲ ਕੇ ਰੱਖ ਦਿੱਤਾ ਸੀ। ਮਨੁੱਖੀ ਇਤਿਹਾਸ ਵਿਚ ਇਹ ਪਹਿਲੀ ਵਾਰ ਸੀ ਕਿ ਕੋਈ ਆਪਣਾ ਸੀਸ ਭੇਟ ਕਰਨ ਲਈ ਖ਼ੁਦ ਮਕਤਲ ਵਿਚ ਜਾਂਦਾ ਹੈ। ਅਦਭੁਤ ਕਿਸਮ ਦੀ ਕ੍ਰਾਂਤੀ ਦਾ ਆਗਾਜ਼ ਗੁਰੂ ਸਾਹਿਬ ਵੱਲੋਂ ਸ਼ਿਵਾਲਿਕ ਦੀਆਂ ਹੁਸੀਨ ਪਹਾੜੀਆਂ ਦੀ ਗੋਦ ਵਿਚ ਵਰਸੋਏ 'ਚੱਕ ਨਾਨਕੀ' (ਅਨੰਦਪੁਰ ਸਾਹਿਬ) ਤੋਂ ਹੁੰਦਾ ਹੈ। ਮੁਗ਼ਲਾਂ ਦੇ ਜ਼ੁਲਮ ਤੋਂ ਸਤਾਏ ਹੋਏ ਕਸ਼ਮੀਰੀ ਪੰਡਿਤ ਜਦੋਂ ਫ਼ਰਿਆਦ ਲੈ ਕੇ ਗੁਰੂ ਨਗਰੀ ਅਨੰਦਪੁਰ ਪੁੱਜੇ ਤਾਂ ਆਪਣੇ ਸਾਹਿਬਜ਼ਾਦੇ, ਗੋਬਿੰਦ ਰਾਏ (ਸ੍ਰੀ ਗੁਰੂ ਗੋਬਿੰਦ ਸਿੰਘ) ਦੇ ਕਹਿਣ 'ਤੇ ਉਹ ਆਪਣਾ ਸੀਸ ਭੇਟ ਕਰਨ ਲਈ ਦਿੱਲੀ ਵੱਲ ਕੂਚ ਕਰਦੇ ਹਨ। ਇਹ ਉਹੀ ਸੀਸ ਸੀ ਜਿਸ ਨੇ ਦਿੱਲੀ ਦੀ ਸਰਦਲ 'ਤੇ ਕਲਮ ਹੋਣ ਤੋਂ ਬਾਅਦ ਭਾਈ ਜੈਤਾ ਜੀ (ਬਾਬਾ ਜੀਵਨ ਸਿੰਘ) ਰਾਹੀਂ ਅਨੰਦਪੁਰ ਸਾਹਿਬ ਵਾਪਸ ਮੁੜ ਕੇ ਇਨਕਲਾਬ ਲਿਆਉਣਾ ਸੀ। ਸੀਸ ਅਤੇ ਧੜ ਦਾ ਅਲੱਗ-ਅਲੱਗ ਸਸਕਾਰ ਨੇ ਭਾਈ ਜੈਤਾ ਜੀ ਅਤੇ ਭਾਈ ਲੱਖੀ ਸ਼ਾਹ ਵਣਜਾਰੇ ਦਾ ਨਾਮ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਤੇ ਦਰਜ ਕਰਵਾ ਦਿੱਤਾ। ਕਬੀਰ ਸਾਹਿਬ ਨੇ ਵੀ ਅਜਿਹੀ ਕੁਰਬਾਨੀ ਦਾ ਵਰਣਨ ਕਰਦਿਆਂ ਸ਼ਬਦ ਰਚਿਆ ਹੈ, "ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ ॥ ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥" ਜਬਰ ਦਾ ਮੁਕਾਬਲਾ ਸਬਰ ਨਾਲ ਕਰਨ ਦੀ ਮਿਸਾਲ ਪੈਦਾ ਕਰਨ ਲਈ ਨੌਵੇਂ ਪਾਤਸ਼ਾਹ ਨੇ ਜ਼ਾਲਮ ਦੀਆਂ ਬਰੂਹਾਂ 'ਤੇ ਦਸਤਕ ਦਿੱਤੀ। ਇਸ ਲਾਸਾਨੀ ਮਿਸਾਲ ਤੋਂ ਬਾਅਦ ਆਮ ਲੋਕਾਂ



ਹੱਥ ਮਸ਼ਾਲਾਂ ਆ ਗਈਆਂ। ਜ਼ੁਲਮ ਦੀ ਜੜ੍ਹ ਪੁੱਟਣ ਲਈ ਲੋਕਾਂ ਨੇ ਦਿੱਲੀ ਵੱਲ ਵਹੀਰਾਂ ਘੱਤਣੀਆਂ ਸ਼ੁਰੂ ਕਰ ਦਿੱਤੀਆਂ ਸਨ। ਅਜਿਹੇ ਕਾਫ਼ਲਿਆਂ ਵਿਚ ਫ਼ਾਸਲੇ ਨਹੀਂ ਹੁੰਦੇ। ਵਿਚਾਰਧਾਰਕ ਤੌਰ 'ਤੇ ਇਕ-ਦੂਜੇ ਨਾਲ ਜੁੜੇ ਲੋਕ ਸੁਰਖ ਸਵੇਰਿਆਂ ਦਾ ਸੁਨੇਹਾ ਬਣ ਕੇ ਵਿਚਰਦੇ ਹਨ। ਜੀਵਨ ਮੁੱਲਾਂ ਅਤੇ ਸਮਾਜਿਕ ਕਦਰਾਂ-ਕੀਮਤਾਂ ਨੂੰ ਪ੍ਰਣਾਏ ਕਾਫ਼ਲੇ ਜਿੱਥੇ ਕਿਤੇ ਵੀ ਪੜਾਅ ਕਰਦੇ, ਉਨ੍ਹਾਂ ਥਾਵਾਂ ਦੀ ਆਭਾ ਨੂੰ ਚਾਰ ਚੰਨ ਲਗਾ ਦਿੰਦੇ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਉਨ੍ਹਾਂ ਦੇ ਮਾਰਗ ਰੁਸ਼ਨਾਏ ਸਨ। ਇਹ ਮੀਰੀ-ਪੀਰੀ ਅਤੇ ਭਗਤੀ-ਸ਼ਕਤੀ ਦੇ ਸੁਮੇਲ ਦੀ ਬਦੌਲਤ ਹੀ ਸੀ। ਮੀਰੀ-ਪੀਰੀ ਦੇ ਸੰਕਲਪ ਨੇ ਜ਼ੁਲਮ ਨਾਲ ਲੜਾਈਆਂ ਦਾ ਮਾਰਗ-ਦਰਸ਼ਨ ਕਰਨਾ ਸ਼ੁਰੂ ਕੀਤਾ ਸੀ। ਦਰਅਸਲ, ਪੰਜਵੇਂ ਨਾਨਕ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਉਨ੍ਹਾਂ ਦੇ ਸਾਹਿਬਜ਼ਾਦੇ, ਗੁਰੂ ਹਰਗੋਬਿੰਦ ਸਾਹਿਬ ਨੇ ਮੀਰੀ-ਪੀਰੀ ਦੀਆਂ ਕਿਰਪਾਨਾਂ ਪਹਿਨ ਕੇ ਜ਼ਾਲਮ ਨਾਲ ਸਿੱਧੀ ਜੰਗ ਵੱਲ ਰੁਖ਼ ਮੋੜਿਆ ਸੀ। ਆਪ ਦਾ ਮੰਨਣਾ ਸੀ ਕਿ ਭਗਤੀ ਨਾਲੋਂ ਟੁੱਟ ਕੇ ਸ਼ਕਤੀ ਦਿਸ਼ਾਹੀਣ ਹੋ ਜਾਂਦੀ ਹੈ ਤੇ ਰਾਕਸ਼ ਬਿਰਤੀ ਇਨਸਾਨੀਅਤ ਦਾ ਘਾਣ ਕਰਨ 'ਤੇ ਤੁਲ ਜਾਂਦੀ ਹੈ। ਅਣਖ, ਸਵੈਮਾਣ ਤੇ ਮਾਨਵਤਾ ਦੀ ਭਲਾਈ ਖ਼ਾਤਰ ਭਗਤੀ ਅਤੇ ਸ਼ਕਤੀ ਦਾ ਸੁਮੇਲ ਮਾਨਵਤਾ ਦੀ ਭਲਾਈ ਖ਼ਾਤਰ ਭਗਤੀ ਅਤੇ ਸ਼ਕਤੀ ਦਾ ਸੁਮੇਲ ਹੋਣਾ ਸਮੇਂ ਦੀ ਲੋੜ ਸੀ। ਦਰਿਆ ਦੇ ਕਿਨਾਰਿਆਂ ਵਾਂਗ ਦੋਨੋਂ ਸਮਾਨਾਂਤਰ ਹੁੰਦੇ ਹੋਏ ਵੀ ਇਕ-ਦੂਜੇ ਦੇ ਪੂਰਕ ਬਣੇ ਹੋਣੇ ਚਾਹੀਦੇ ਹਨ। ਦੋਨੋਂ ਕਿਨਾਰੇ ਮਿਲ ਜਾਣ ਤਾਂ ਦਰਿਆ ਦੀ ਹੋਂਦ ਹੀ ਖ਼ਤਰੇ ਵਿਚ ਪੈ ਜਾਂਦੀ ਹੈ। ਲੋਹੇ ਨੂੰ ਕੱਟਣ ਲਈ ਸਰਬਲੋਹ ਦੀ ਜ਼ਰੂਰਤ ਸੀ। ਸਰਬਲੋਹ 'ਚੋਂ ਕਿਰਪਾਨ ਨੇ ਜਨਮ ਲਿਆ ਜੋ ਮੀਰੀ ਦਾ ਚਿੰਨ੍ਹ ਸੀ। ਦਸਮ ਪਾਤਸ਼ਾਹ ਨੇ ਖੰਡੇ ਤੇ ਖੜਗ ਨੂੰ ਅਕਾਲ ਪੁਰਖ ਦੀ ਸਿਰਜਣਾਤਮਕ ਸ਼ਕਤੀ ਕਿਹਾ ਹੈ, "ਖੰਡਾ ਪ੍ਰਿਥਮੈ ਸਾਜ ਕੈ ਜਿਨ ਸਭ ਸੈਸਾਰੁ ਉਪਾਇਆ" (ਚੰਡੀ ਦੀ ਵਾਰ)। ਅਕਾਲ ਪੁਰਖ ਇਸ ਤਰ੍ਹਾਂ ਨਿਰਗੁਣ ਨਿਰਾਕਾਰ ਅਵਸਥਾ ਤੋਂ 'ਕਰਤਾ' ਦੇ ਸਰਗੁਣ ਸਰੂਪ ਵਿਚ ਖੜਗਧਾਰੀ ਦਿਸਦਾ ਹੈ। ਖੜਗ 'ਪੀਰੀ' ਦਾ ਰੂਪ ਹੈ। ਜਾਬਰ ਬਾਬਰ ਦੇ ਹਿੰਦੁਸਤਾਨ 'ਤੇ ਕੀਤੇ ਹਮਲੇ ਤੋਂ ਬਾਅਦ ਖਲਕ 'ਬਾਬੇ ਕੇ' ਤੇ 'ਬਾਬਰ ਕੇ' ਦੇ ਖੇਮਿਆਂ ਵਿਚ ਵੰਡੀ ਗਈ ਸੀ। ਪਹਿਲੇ ਨਾਨਕ ਦੇ ਦਰਸਾਏ ਮਾਰਗ 'ਤੇ ਚੱਲਦਿਆਂ ਗੁਰੂ ਤੇਗ ਬਹਾਦਰ ਨੇ ਤਲਵਾਰ ਦੇ ਜ਼ੋਰ 'ਤੇ ਕੀਤੀ ਜਾ ਰਹੀ ਮਜ਼ਹਬੀ ਤਬਦੀਲੀ ਖ਼ਿਲਾਫ਼ ਵਿਲੱਖਣ ਸੰਗਰਾਮ ਛੇੜਿਆ ਸੀ। ਛੇਵੇਂ ਪਾਤਸ਼ਾਹ ਵੱਲੋਂ ਮੀਰੀ-ਪੀਰੀ ਦੇ ਮਾਰਗ 'ਤੇ ਉਹ ਅਡੋਲ ਚੱਲ ਰਹੇ ਸਨ ਕਿ ਸ਼ਕਤੀ ਨਾਲੋਂ ਵਿਯੋਗੀ ਭਗਤੀ ਆਪਣਾ ਬਚਾਓ ਕਰਨ ਤੋਂ ਅਸਮਰੱਥ ਰਹਿੰਦੀ ਹੈ। ਜੀਵਨ-ਜਲੌਅ ਤਾਂ ਹੀ ਕਾਇਮ ਰਹਿ ਸਕਦਾ ਹੈ ਜੇ ਦੋਨੋਂ ਸ਼ਕਤੀਆਂ ਦੇ ਸੁਮੇਲ ਦੇ ਨਾਲ-ਨਾਲ ਉਨ੍ਹਾਂ ਦੀ ਭਿੰਨਤਾ ਵੀ ਬਰਕਰਾਰ ਰਹੇ। ਆਪ ਜੀ ਵੱਲੋਂ ਦਰਸਾਏ ਮਾਰਗ ਦੀ ਬਦੌਲਤ ਹੀ 'ਸਿੱਖੀ ਧਾਰਾ' ਭਾਰਤ ਦੀ ਮਹਾਂਧਾਰਾ ਵਿਚ ਵਹਿੰਦੇ ਹੋਏ ਵੀ ਲੋਪ ਨਹੀਂ ਹੋਈ। 'ਸਿੱਖ ਫ਼ਲਸਫ਼ੇ ਦੀ ਭੂਮਿਕਾ' ਵਿਚ ਡਾ. ਜਸਬੀਰ ਸਿੰਘ ਆਹਲੂਵਾਲੀਆ ਨੇ ਸਿੱਖ ਧਰਮ ਵਿਚ ਸ਼ਹਾਦਤ ਦਾ ਸੰਕਲਪ ਪ੍ਰਸਤੁਤ ਕਰਦਿਆਂ ਲਿਖਿਆ ਹੈ ਕਿ ਸ਼ਹਾਦਤ ਅੱਤਿਆਚਾਰ ਵਿਰੁੱਧ ਸੱਭਿਆਚਾਰ ਹੈ, ਤਸ਼ੱਦਦ ਖ਼ਿਲਾਫ਼ ਸਹਿਣਸ਼ੀਲਤਾ ਦੀ ਵਿਜੈ। ਸ਼ਹੀਦੀ ਮਜਬੂਰੀ ਨਹੀਂ ਬਲਕਿ ਸਿਦਕ ਸਬੂਰੀ ਹੈ। ਇਹ ਨਿਰਭੈ ਸ਼ਕਤੀ ਹੀ ਨਹੀਂ, ਨਿਰਵੈਰ ਬਿਰਤੀ ਵੀ ਹੈ। ਨਿਰਭੈ ਸ਼ਕਤੀ ਦੀ ਜਵਾਲਾ ਹੀ ਨਹੀਂ ਜਾਗਦੀ, ਨਿਰਵੈਰ ਬਿਰਤੀ ਦਾ ਪ੍ਰਕਾਸ਼ ਵੀ ਹੁੰਦਾ ਹੈ। ਜਦੋਂ ਮਨੁੱਖ ਆਪਣੇ-ਆਪ ਨੂੰ ਜਾਣ ਕੇ ਆਪਣੀ ਮਨੁੱਖਤਾ ਨੂੰ ਪਛਾਣ ਕੇ ਪਰਮ ਹਸਤੀ ਦਾ ਅੰਸ਼ ਤਸੱਵਰ ਕਰਦਾ ਹੈ ਤਾਂ ਉਸ ਵਿਚ ਅਥਾਹ ਅਤੇ ਅਸਗਾਹ ਸ਼ਕਤੀ ਜਾਗਦੀ ਹੈ ਜੋ ਉਸ ਨੂੰ ਨਿਰਭੈ ਯੋਗ ਬਣਾਉਂਦੀ ਹੈ। ਅਜਿਹੀ ਭਾਵਨਾ ਸਿਰ ਤਲੀ 'ਤੇ ਰੱਖ ਕੇ ਆਪਣੇ ਇਸ਼ਟ ਦੀ ਗਲੀ ਵਿਚ ਜਾਣ ਲਈ ਸੈਨਤਾਂ ਮਾਰਦੀ ਹੈ। ਡਾ. ਆਹਲੂਵਾਲੀਆ ਦਾ ਕਥਨ ਹੈ ਕਿ ਪੁਰਾਣਾ ਸੰਤੋਖ, ਪੁਰਾਣਾ ਗਿਆਨ ਤੇ ਪੁਰਾਣਾ ਸਤਿ ਜਿੰਨੇ ਹੀ ਵੰਗਾਰੇ, ਲਲਕਾਰੇ ਜਾਣ, ਦੁਰਕਾਰੇ ਜਾਣ ਤਾਂ ਇਤਿਹਾਸਕ ਪਾਲ ਆਉਣ ਬਹੁੜਦਾ ਹੈ ਜਦੋਂ 'ਬਡੋ ਕਲੂ ਮਹਿ ਸਾਕਾ' ਕਰਨ ਲਈ ਕਿਸੇ ਮਹਾਂਪੁਰਖ ਨੂੰ ਚਾਂਦਨੀ ਚੌਕ ਵਿਖੇ ਸਿਰੜ ਨਾ ਦਿੰਦੇ ਹੋਏ ਸੀਸ ਭੇਟ ਕਰਨਾ ਹੁੰਦਾ ਹੈ ਤਾਂ ਜੋ ਨਵੀਂ ਪ੍ਰਭਾਤ ਦਾ ਉਦੈ ਹੋ ਸਕੇ। ਵੀਰਵਾਰ 21 ਅਪ੍ਰੈਲ ਵਾਲੇ ਦਿਨ ਗੁਰੂ ਤੇਗ ਬਹਾਦਰ ਦਾ ਪ੍ਰਕਾਸ਼ ਉਤਸਵ ਮਨਾਉਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਾਲ ਕਿਲ੍ਹੇ ਤੋਂ ਸੰਗਤ ਨੂੰ ਮੁਖਾਤਿਬ ਹੋਏ ਸਨ। ਲਾਲ ਕਿਲ੍ਹਾ ਸ਼ਕਤੀ ਦਾ ਚਿੰਨ੍ਹ ਹੈ ਜੋ ਚਾਂਦਨੀ ਚੌਕ ਤੋਂ ਥੋੜ੍ਹੀ ਦੂਰੀ 'ਤੇ ਸਥਿਤ ਹੈ। ਇਹ ਪਹਿਲੀ ਵਾਰ ਸੀ ਕਿ ਕਿਸੇ ਪ੍ਰਧਾਨ ਮੰਤਰੀ ਨੇ ਸੂਰਜ ਢਲਣ ਤੋਂ ਬਾਅਦ ਲਾਲ ਕਿਲ੍ਹੇ ਤੋਂ ਸੰਬੋਧਨ ਕੀਤਾ ਹੋਵੇ। ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਵਾਲੀ ਰਾਤ ਤੋਂ ਬਾਅਦ ਨਵੀਂ ਪ੍ਰਭਾਤ ਦਾ ਜਨਮ ਹੋਇਆ ਸੀ। ਸੂਰਜ ਝਕਾਨੀ ਦੇ ਕੇ ਪੱਛਮ ਦੇ ਬੱਦਲਾਂ ਵਿਚ ਲੁਕਣ-ਮੀਟੀ ਖੇਡਣ ਲਈ ਛੁਪਿਆ ਸੀ ਜਿਸ ਨੇ ਪੂਰਬ ਵੱਲੋਂ ਫਿਰ ਉਦੈ ਹੋਣਾ ਸੀ। ਇਸ ਲਈ ਸੂਰਜ ਅਸਤਣ ਤੋਂ ਬਾਅਦ ਪ੍ਰਧਾਨ ਮੰਤਰੀ ਦਾ ਸੰਬੋਧਨ ਜਾਂ ਗੁਰਬਾਣੀ ਦਾ ਗਾਇਨ ਇਸ ਅਦੁੱਤੀ ਸ਼ਹਾਦਤ ਨੂੰ ਲਾਲ ਤੇ ਕੇਸਰੀ ਸਲਾਮ ਸੀ। ਬਚਿਤ੍ਰ ਨਾਟਕ 'ਚ ਗੁਰੂ ਗੋਬਿੰਦ ਸਿੰਘ ਫ਼ੁਰਮਾਉਂਦੇ ਹਨ,

**ਧਰਮ ਹੇਤਿ ਸਾਕਾ ਜਿਨਿ ਕੀਆ ॥**
**ਸੀਸੁ ਦੀਆ ਪਰ ਸਿਰਰੁ ਨ ਦੀਆ ॥**

ਇਹ 'ਧਰਮ ਯੁੱਧ' ਦਾ ਅਨੋਖਾ ਆਗਾਜ਼ ਸੀ। ਇਸੇ ਲਈ ਗੁਰੂ ਤੇਗ ਬਹਾਦਰ ਜੀ ਨੂੰ 'ਹਿੰਦ ਦੀ ਚਾਦਰ' ਜਾਂ 'ਧਰਮ ਦੀ ਚਾਦਰ' ਕਹਿ ਕੇ ਵਡਿਆਇਆ ਜਾਂਦਾ ਹੈ।






# ਲਿਬਰਲ ਨੂੰ ਪਛਾੜਦੇ ਹੋਏ ਕੰਸਰਵੇਟਿਵਾਂ ਦਾ ਸਮਰਥਨ ਵਧਿਆ-ਨੈਨੋਜ਼ ਪੋਲ

ਓਟਵਾ-22 ਅਪ੍ਰੈਲ ਤਕ ਚਾਰ ਹਫ਼ਤਿਆਂ ਦੇ ਸਮੇਂ ਵਿਚ ਕੰਸਰਵੇਟਿਵਾਂ ਦਾ ਸਮਰਥਨ ਲਿਬਰਲਜ਼ ਨੂੰ ਪਛਾੜਦੇ ਹੋਏ ਵਧ ਕੇ



35.6 ਫ਼ੀਸਦੀ ਹੋ ਗਿਆ ਜਦਕਿ ਲਿਬਰਲਜ਼ ਦਾ 2.2 ਫ਼ੀਸਦੀ ਘਟ ਕੇ 30 ਫ਼ੀਸਦੀ ਰਹਿ ਗਿਆ ਹੈ। ਨਿਊ ਡੈਮੋਕਰੈਟਸ ਦਾ ਆਪਣਾ ਸਮਰਥਨ ਵੀ 2 ਫ਼ੀਸਦੀ ਘਟ ਕੇ 19.6 ਫ਼ੀਸਦੀ ਰਹਿ ਗਿਆ ਹੈ। ਗਰੀਨ ਪਾਰਟੀ ਦਾ ਸਮਰਥਨ 0.7 ਫ਼ੀਸਦੀ ਵਧ ਕੇ 5.5 ਫ਼ੀਸਦੀ ਹੋ ਗਿਆ ਜਦਕਿ ਬਲੌਕ ਕਿਊਬਕ (5.4 ਫ਼ੀਸਦੀ) ਅਤੇ ਪੀਪਲਜ਼ ਪਾਰਟੀ (3.4) ਦਾ ਸਮਰਥਨ ਕ੍ਰਮਵਾਰ 0.5 ਤੇ 0.2 ਫ਼ੀਸਦੀ ਘਟਿਆ ਹੈ ਪਰ ਇਥੇ ਮੁੱਖ ਗੱਲ ਇਹ ਹੈ ਕਿ ਕੰਸਰਵੇਟਿਵਸ ਮਹੱਤਵਪੂਰਣ ਅੰਕੜਿਆਂ ਨਾਲ ਲੀਡ ਲੈ ਰਹੇ ਹਨ। ਪਲਸਟਰ ਨਿਕ ਨੈਨੋਜ਼ ਨੇ ਟਰੈਂਡ ਲਾਈਨ ਪੋਡਕਾਸਟ 'ਤੇ ਕਿਹਾ ਕਿ ਇਹ ਲੀਡ ਗਲਤੀ ਦੇ ਹਾਸ਼ੀਏ ਤੋਂ ਬਾਹਰ ਹੈ। ਨੈਨੋਜ਼ ਨੇ ਕਿਹਾ ਕਿ ਜਦੋਂ ਦਾ ਐਰਿਨ ਓਟੂਲ ਪਾਰਟੀ ਦਾ ਲੀਡਰ ਬਣਿਆਂ ਹੈ ਉਨ੍ਹਾਂ ਨੇ ਉਸ ਸਮੇਂ ਤੋਂ ਕੰਸਰਵੇਟਿਵਾਂ ਦੀ ਇਸ ਤਰ੍ਹਾਂ ਦੀ ਗਿਣਤੀ ਨਹੀਂ ਦੇਖੀ। ਕੰਸਰਵੇਟਿਵ ਮੌਜੂਦਾ ਸਮੇਂ ਨਵਾਂ ਨੇਤਾ ਚੁਣਨ ਦੀ ਪ੍ਰਕਿਰਿਆ ਵਿਚੋਂ ਲੰਘ ਰਹੇ ਹਨ ਅਤੇ ਇਸ ਸ਼ੁੱਕਰਵਾਰ ਤਕ ਰਜਿਸਟਰੇਸ਼ਨ ਲਈ ਤਿੰਨ ਲੱਖ ਡਾਲਰ ਅਤੇ ਪਾਰਟੀ ਮੈਂਬਰਾਂ ਦੇ 500 ਦਸਤਖ਼ਤ ਜਮ੍ਹਾਂ ਕਰਵਾਉਣ ਦੀ ਲੋੜ ਹੈ। ਇਸੇ ਦੌਰਾਨ ਲਿਬਰਲਜ਼ ਅਤੇ ਐਨਡੀਪੀ ਲਈ ਕਮਜ਼ੋਰ ਪੋਲ ਅੰਕੜਿਆਂ ਵਿਚ ਆਰਜ਼ੀ ਸੁਧਾਰ ਹੋ ਸਕਦਾ ਹੈ। 2025 ਤਕ ਘੱਟਗਿਣਤੀ ਲਿਬਰਲਜ਼ ਨੂੰ ਸਮਰਥਨ ਦੇਣ ਲਈ ਪਿਛਲੇ ਮਹੀਨੇ ਦੋਵਾਂ ਪਾਰਟੀਆਂ ਨੇ ਸਮਝੌਤਾ ਕੀਤਾ ਸੀ।




# ਕੇਲੋਨਾ ਦੀ ਔਰਤ ਨੇ ਜਿੱਤਿਆ 20 ਲੱਖ ਡਾਲਰ ਦਾ ਇਨਾਮ

ਵਿਕਟੋਰੀਆ-ਕੇਲੋਵਨਾ ਦੀ ਔਰਤ ਨੂੰ ਇਸ ਮਹੀਨੇ 20 ਲੱਖ ਡਾਲਰ ਦਾ ਲੋਟੋ ਜੈਕਪਾਟ ਜਿੱਤਣ ਨਾਲ ਇਸ ਮਹੀਨੇ ਅਚਾਨਕ ਜਨਮਦਿਨ ਤੋਂ ਪਹਿਲਾਂ ਸਰਪ੍ਰਾਈਜ਼ ਮਿਲਿਆ ਹੈ। ਬੇਵਰਲੀ (ਕ੍ਰਿਸਟੀਨ) ਗਿਲਬਰਟ ਨੇ ਦੱਸਿਆ ਕਿ ਉਸ ਨੇ 6 ਅਪ੍ਰੈਲ ਨੂੰ ਚੋਟੀ ਦਾ ਇਨਾਮ ਜਿੱਤਣ ਤੋਂ ਪਹਿਲਾਂ ਬੀਸੀ/49 ਟਿਕਟ ਦੀ ਕਈ ਵਾਰ ਜਾਂਚ ਕੀਤੀ ਸੀ। ਉਸ ਨੇ ਬੀਸੀ ਲਾਟਰੀ ਕਾਰਪੋਰੇਸ਼ਨ ਜਿਸ ਨੇ ਉਸ ਦੀ ਜਿੱਤ ਬਾਰੇ ਬਿਆਨ ਜਾਰੀ ਕੀਤਾ ਨੂੰ ਦੱਸਿਆ ਕਿ ਮੈਨੂੰ ਜਿੱਤ ਨੂੰ ਯਕੀਨੀ ਬਣਾਉਣ ਲਈ ਇਸ ਦੀ ਕਈ ਵਾਰ ਜਾਂਚ ਕਰਨੀ ਪਈ ਹੈ। ਉਸ ਨੇ ਆਪਣੀਆਂ ਧੀਆਂ ਵਿਚੋਂ ਇਕ ਨਾਲ ਇਹ ਨਾਭੁੱਲਣ ਵਾਲਾ ਪਲ ਸਾਂਝਾ ਕੀਤਾ ਜਿਹੜੀ ਉਸ ਨੂੰ ਜਿੱਤ ਦਾ ਪਤਾ ਲੱਗਣ ਸਮੇਂ ਉਸ ਨਾਲ ਫੋਨ 'ਤੇ ਗੱਲਬਾਤ ਕਰ ਰਹੀ ਸੀ। ਜਿੱਤ ਤੋਂ ਕੁਝ ਦਿਨ ਬਾਅਦ ਆਪਣੇ ਜਨਮ ਦਿਨ ਮਨਾਉਣ ਪਿੱਛੋਂ ਗਿਲਬਰਟ ਨੇ ਕਿਹਾ ਕਿ ਉਹ ਪਹਿਲਾਂ ਤੋ ਸਫਰ ਲਈ ਬਣਾਈ ਯੋਜਨਾ ਵਿਚ ਕੁਝ ਅਪਗ੍ਰੇਡ ਕਰਨ ਬਾਰੇ ਸੋਚ ਰਹੀ ਹੈ। ਇਸ ਤੋਂ ਇਲਾਵਾ ਉਹ ਜਿੱਤ ਦੇ ਪੈਸਿਆਂ ਨਾਲ ਕੁਝ ਵਿਹਾਰਕ ਖਰੀਦਦਾਰੀ ਕਰੇਗੀ ਅਤੇ ਭਵਿੱਖ ਲਈ ਕੁਝ ਪੈਸੇ ਸੰਭਾਲ ਕੇ ਰੱਖੇਗੀ। ਉਹ ਇਕ ਕੋਂਡੋ ਵੀ ਖਰੀਦੇਗੀ, ਆਪਣੀ ਕਾਰ ਦਾ ਭੁਗਤਾਨ ਕਰੇਗੀ ਅਤੇ ਕੁਝ ਨਿਵੇਸ਼ ਕਰੇਗੀ।

# ਰੂਸ ਨੇ ਪੱਛਮੀ ਦੇਸ਼ਾਂ ਵਿਚ ਫੁੱਟ ਪਾਉਣ ਲਈ 2 ਨਾਟੋ ਦੇਸ਼ਾਂ ਦੀ ਗੈਸ ਸਪਲਾਈ ਬੰਦ ਕੀਤੀ

ਮਾਸਕੋ-ਰੂਸ ਨੇ ਦੋ ਨਾਟੋ ਮੈਂਬਰਾਂ ਪੋਲੈਂਡ ਤੇ ਬੁਲਗਾਰੀਆ ਦੀ ਕੁਦਰਤੀ ਗੈਸ ਦੀ ਸਪਲਾਈ ਕੱਟ ਦਿੱਤੀ ਹੈ ਅਤੇ ਦੂਸਰੇ ਦੇਸ਼ਾਂ ਨਾਲ ਵੀ ਅਜਿਹਾ ਕਰਨ ਦੀ ਧਮਕੀ ਦਿੱਤੀ ਹੈ। ਰੂਸ ਵਲੋਂ ਬਹੁਤ ਹੀ ਜ਼ਰੂਰੀ ਬਰਾਮਦ ਦੀ ਆਪਣੇ ਟੀਚੇ ਲਈ ਵਰਤੋਂ ਕੀਤੀ ਹੈ ਜਿਸ ਨੂੰ ਯੂਕਰੇਨ ਦੀ ਹਮਾਇਤ ਲਈ ਪੱਛਮੀ ਦੇਸ਼ਾਂ ਨੂੰ ਸਜ਼ਾ ਦੇਣ ਅਤੇ ਉਨ੍ਹਾਂ ਵਿਚ ਵੰਡ ਪਾਉਣ ਦੀ ਕੋਸ਼ਿਸ਼ ਵਜੋਂ ਦੇਖਿਆ ਜਾ ਰਿਹਾ ਹੈ। ਯੂਰਪੀਨ ਨੇਤਾਵਾਂ ਨੇ ਇਸ ਕਦਮ ਦੀ ਬਲੈਕਮੇਲ ਕਰਨ ਵਜੋਂ ਨਿਖੇਧੀ ਕੀਤੀ ਹੈ ਅਤੇ ਇਸ ਨੇ ਪਾਬੰਦੀਆਂ ਤੇ ਜਵਾਬੀ ਪਾਬੰਦੀਆਂ ਦੀ ਆਰਥਿਕ ਜੰਗ ਵਿਚ ਨਾਟਕੀ ਢੰਗ ਨਾਲ ਤੇਜ਼ੀ ਲਿਆਂਦੀ ਹੈ ਜਿਹੜੀ ਲੜਾਈ ਦੇ ਮੈਦਾਨ ਵਿਚ ਚਲ ਰਹੀਆਂ ਲੜਾਈ ਦੇ ਨਾਲ ਬਰਾਬਰ ਸ਼ੁਰੂ ਹੋ ਗਈਆਂ ਹਨ। ਰੂਸ ਨੇ ਇਹ ਕਾਰਵਾਈ ਅਮਰੀਕਾ ਤੇ ਦੂਸਰੇ ਪੱਛਮੀ ਸਹਿਯੋਗੀਆਂ ਵਲੋਂ ਯੂਕਰੇਨ ਨੂੰ ਹੋਰ ਜ਼ਿਆਦਾ ਤੇ ਭਾਰੀ ਹਥਿਆਰ ਭੇਜਣ ਦਾ ਪ੍ਰਣ ਕਰਨ ਤੋਂ ਬਾਅਦ ਕੀਤੀ ਹੈ ਅਤੇ ਇਸ ਨਾਲ ਨਿਸ਼ਾਨਾ ਬਣਾਏ ਗਏ ਦੇਸ਼ਾਂ ਨੂੰ ਗੈਸ ਦੀ ਰਾਸ਼ਨਿੰਗ ਕਰਨ ਲਈ ਆਖਰਕਾਰ ਮਜ਼ਬੂਰ ਹੋਣਾ ਪੈ ਸਕਦਾ ਹੈ ਅਤੇ ਵਧ ਰਹੀਆਂ ਕੀਮਤਾਂ ਤੋਂ ਪ੍ਰਭਾਵਤ ਅਰਥਵਿਵਸਥਾਵਾਂ ਨੂੰ ਹੋਰ ਝਟਕਾ ਲੱਗ ਸਕਦਾ ਹੈ। ਇਸ ਦੇ ਨਾਲ ਰੂਸ ਨੂੰ ਆਪਣੀ ਜੰਗ ਦੀ ਕੋਸ਼ਿਸ਼ ਵਿਚ ਪੈਸਿਆਂ ਲਈ ਬਹੁਤ ਜ਼ਿਆਦਾ ਲੋੜੀਂਦੀ ਆਮਦਨ ਤੋਂ ਵਾਂਝਾ ਹੋਣਾ ਪੈ ਸਕਦਾ ਹੈ।


ਸੁਪਰ ਵੀਜ਼ਾ ਇੰਸ਼ੋਰੈਂਸ
ਮੰਥਲੀ ਪੇਮੈਂਟ ਪਲੈਨ • 45% ਤੱਕ ਡਿਸਕਾਊਂਟ*
• ਲਾਈਫ • ਡਿਸੇਬਿਲਿਟੀ • ਕ੍ਰਿਟੀਕਲ ਇਲਨੈਸ
• ਬੱਚਿਆਂ ਲਈ ਇੰਸ਼ੋਰੈਂਸ • ਹੈਲਥ • ਟਰੈਵਲ • ਵਿਜ਼ਟਰ
ਇੰਡੀਪੈਂਡੇਂਟ ਬਰੋਕਰਜ਼ ਹੋਣ ਦੇ ਨਾਤੇ ਅਸੀਂ ਤੁਹਾਨੂੰ ਕਨੇਡਾ ਦੀਆਂ ਸਾਰੀਆਂ ਮੇਜਰ ਇੰਸ਼ੋਰੈਂਸ ਕੰਪਨੀਆਂ ਤੋਂ ਵਾਜਿਬ ਰੇਟ ਅਤੇ ਵਧੀਆ ਬੈਨੀਫਿਟਸ ਲੈ ਕੇ ਦਿੰਦੇ ਹਾਂ
YOUR INSURANCE ADVISOR
JATINDER SINGH BHATIA
Former Advocate (India)

ਜਤਿੰਦਰ ਸਿੰਘ ਭਾਟੀਆ
778.848.1287
jatinder.insurance@hotmail.com
14768-69A Ave, SURREY BC
*WITH DEDUCTIBLE.

# ਕੀਰਤਵੀਰ ਬੰਬਰਾ ਨੇ ਆਪਣੀ ਲਿਖੀ ਕਵਿਤਾ ਡੈਮੋਕਰੈਸੀ ਐਂਡ ਮੀ ਮੁਕਾਬਲੇ ਦਾ ਇਨਾਮ ਜਿੱਤਿਆ

ਵੈਨਕੂਵਰ-ਸਰੀ ਦੀ ਵਿਦਿਆਰਥਣ ਕੀਰਤਵੀਰ ਬੰਬਰਾ ਨੇ ਉਸ ਵਲੋਂ ਲਿਖੀ ਕਵਿਤਾ ਨਾਲ ਡੈਮੋਕਰੇਸੀ ਐਂਡ ਮੀ ਮੁਕਾਬਲੇ ਵਿਚ ਇਨਾਮ ਜਿੱਤਿਆ ਹੈ। ਵਿਕਟੋਰੀਆ ਵਿਚ ਨਿਊਟਨ ਹੈਨਰੀ ਬੋਸ ਐਲੀਮੈਂਟਰੀ ਵਿਚ ਗ੍ਰੇਡ 7-ਯੀਅਰ ਦੀ ਵਿਦਿਆਰਥਣ ਬੰਬਰਾ ਮੁਕਾਬਲੇ ਦੇ ਤਿੰਨ ਜੇਤੂਆਂ ਵਿਚੋਂ ਇਕ ਸੀ ਜਿਸ ਦੀ ਸਹਿ-ਮੇਜ਼ਬਾਨੀ ਲੈਫਟੀਨੈਂਟ ਗਵਰਨਰ ਤੇ ਬੀਸੀ ਦੀ ਲੈਜਿਸਲੇਟਿਵ ਐਸੰਬਲੀ ਦੇ ਦਫ਼ਤਰ ਵਲੋਂ ਕੀਤੀ ਗਈ ਸੀ। ਕੀਰਤਵੀਰ ਨੇ ਆਪਣੀ ਕਵਿਤਾ 'ਮਾਈ ਵਾਇਸ ਇਜ਼ ਅਲਾਈਵ' (ਮੇਰੀ ਆਵਾਜ਼ ਜਿੰਦਾ ਹੈ) ਨਾਲ ਗਰੇਡ 5-8 ਸ਼੍ਰੇਣੀ ਵਿਚ ਇਨਾਮ ਜਿੱਤਿਆ। ਮੁਕਾਬਲੇ ਵਿਚ ਵਿਦਿਆਰਥੀਆਂ ਨੂੰ ਕਮਿਊਨਿਟੀ ਦੇ ਮਹੱਤਵ, ਨਾਗਰਿਕ ਸ਼ਮੂਲੀਅਤ ਤੇ ਨਾਗਰਿਕਤਾ ਤੇ ਲੋਕਤੰਤਰ ਦੇ ਅਧਿਕਾਰਾਂ ਤੇ ਜ਼ਿੰਮੇਵਾਰੀਆਂ 'ਤੇ ਝਲਕ ਪੇਸ਼ ਕਰਨ ਦਾ ਸੱਦਾ ਦਿੱਤਾ ਗਿਆ ਸੀ। ਮੁਕਾਬਲੇ ਲਈ ਸੂਬੇ ਭਰ ਵਿਚੋਂ 50 ਤੋਂ ਵੀ ਵੱਧ ਸਰਕਾਰੀ ਤੇ ਇੰਡੀਪੈਂਡੇਂਟ ਸਕੂਲਾਂ ਦੇ ਵਿਦਿਆਰਥੀਆਂ ਨੇ 140 ਤੋਂ ਵੀ ਵੱਧ ਐਂਟਰੀਆਂ ਭੇਜੀਆਂ ਸਨ। ਦੂਸਰੇ ਜੇਤੂ ਬੱਚੇ ਹਨ ਸਾਈਮਨ ਵਲਾਡੀਚੁੱਕ (ਗਰੇਡ 2 ਵੈਨਕੂਵਰ) ਤੇ ਮਰੀਅਮ ਅਬੂਸਮਕ (ਗਰੇਡ 11 ਰਿਚਮੰਡ)। ਜੱਜ ਦੀ ਭੂਮਿਕਾ ਲੈਫਟੀਨੈਂਟ ਗਵਰਨਰ ਆਫ ਬ੍ਰਿਟਿਸ਼ ਕੋਲੰਬੀਆ ਜੈਨੇਟ ਔਸਟਿਨ, ਲੈਜਿਸਲੇਟਿਵ ਅਸੰਬਲੀ ਸਪੀਕਰ ਰਾਜ ਚੌਹਾਨ ਅਤੇ ਸੰਪਾਦਕ, ਲੇਖਕ, ਚਿੱਤਰਕਾਰ ਅਤੇ ਸਿਟੀ ਆਫ ਵਿਕਟੋਰੀਆ ਦੇ 2015 ਯੂਥ ਕਵੀ ਪੁਰਸਕਾਰ ਜੇਤੂ ਜ਼ੋਏ ਦੁਹਾਈਮ ਨੇ ਨਿਭਾਈ।

India Bookworld
Shop Online At:
www.indiabookworld.ca


ਕਿਤਾਬਾਂ ਹੀ ਕਿਤਾਬਾਂ
ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।




604-593-5967 | 604-595-2923
Follow us at #
#117B-12888 - 80 Ave., Surrey
E: info@indiabookworld.ca

idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
iccrc crcic


• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪੋਗਰਾਮ 'ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀਂ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

# ਸੋਹੀ ਨੇ ਟਰਾਂਜ਼ਿਟ ਸਿਸਟਮ ਨੂੰ ਸੁਰੱਖਿਅਤ ਬਣਾਉਣ ਲਈ ਸੂਬੇ ਤੋਂ ਮਦਦ ਮੰਗੀ

ਐਡਮਿੰਟਨ-ਐਡਮਿੰਟਨ ਦੇ ਮੇਅਰ ਅਮਰਜੀਤ ਸੋਹੀ ਨੇ 78 ਸਾਲਾ ਔਰਤ ਜਿਸ ਨੂੰ ਐਲਆਰਟੀ ਪਲੇਟਫਾਰਮ 'ਤੇ ਧੱਕਾ ਦੇ ਕੇ



ਰੇਲ ਪਟੜੀਆਂ 'ਤੇ ਸੁੱਟ ਦਿੱਤਾ ਸੀ 'ਤੇ ਹਮਲੇ ਪਿੱਛੋਂ ਸੂਬੇ ਤੋਂ ਟਰਾਂਜ਼ਿਟ ਸਿਸਟਮ ਨੂੰ ਸੁਰੱਖਿਅਤ ਬਣਾਉਣ ਲਈ ਮਦਦ ਦੇਣ ਦੀ ਮੰਗ ਕੀਤੀ ਹੈ। ਸੋਹੀ ਨੇ ਸੀਟੀਵੀ ਨਿਊਜ਼ ਨੂੰ ਦੱਸਿਆ ਕਿ ਉਹ ਉਸ ਔਰਤ ਤੇ ਪਰਿਵਾਰ ਨਾਲ ਹਮਦਰਦੀ ਮਹਿਸੂਸ ਕਰਦੇ ਹਨ। ਤੁਸੀਂ ਸਾਡੀਆਂ ਜਨਤਕ ਪ੍ਰਾਪਰਟੀਜ਼, ਖ਼ਾਸਕਰ ਪਬਲਿਕ ਟਰਾਂਜ਼ਿਟ 'ਤੇ ਇਸ ਤਰ੍ਹਾਂ ਦਾ ਡਰਾਉਣਾ ਤਜਰਬਾ ਨਹੀਂ ਚਾਹੁੰਦੇ, ਇਹ ਅਸਲ ਵਿਚ ਲੋਕਾਂ ਨੂੰ ਟਰਾਂਜ਼ਿਟ ਸਿਸਟਮ ਤੋਂ ਡਰਾਉਂਦਾ ਹੈ। ਬਜ਼ੁਰਗ ਔਰਤ ਸ਼ਾਰਦਾ ਦੇਵੀ ਜਿਸ 'ਤੇ ਹਮਲਾ ਕੀਤਾ ਗਿਆ ਸੀ ਅਜੇ ਵੀ ਹਸਪਤਾਲ ਹੈ ਅਤੇ ਉਸ ਦੇ ਭਰਾ ਨੇ ਦੱਸਿਆ ਕਿ ਉਸ ਦੀ ਜ਼ਖ਼ਮੀ ਲੱਤ ਨੂੰ ਕੱਟਣਾ ਪੈ ਸਕਦਾ ਹੈ। ਰਾਮ ਮੁਦਲੀਅਰ ਨੇ ਕਿਹਾ ਕਿ ਜੋ ਕੁਝ ਪੁਲਿਸ ਨੇ ਕੀਤਾ ਹੈ ਉਹ ਉਸ ਦੀ ਸ਼ਲਾਘਾ ਕਰਦਾ ਹੈ। ਉਹ ਵਿਅਕਤੀ ਨੂੰ ਲੱਭਣ ਲਈ ਉਨ੍ਹਾਂ ਦੇ ਯਤਨਾਂ ਦੀ ਸ਼ਲਾਘਾ ਕਰਦਾ ਹੈ। ਪੁਲਿਸ ਨੇ ਬੁੱਧਵਾਰ ਖੁਲਾਸਾ ਕੀਤਾ ਕਿ ਚਰਚਿਲ ਐਲਆਰਟੀ ਸਟੇਸ਼ਨ ਤੋਂ ਮੰਗਲਵਾਰ ਸ਼ਾਮ ਤਿੰਨ ਵਜੇ ਪੀਸ ਅਫਸਰਾਂ ਨੇ ਸ਼ੱਕੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਨ੍ਹਾਂ ਨੇ ਉਸ ਦੀ ਪਛਾਣ 20 ਸਾਲਾ ਕੇਂਡਰ ਰੇਨ ਵਜੋਂ ਕੀਤੀ। ਉਹ ਦੇਵੀ 'ਤੇ ਹਮਲੇ ਲਈ ਗੰਭੀਰ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ।



# ਖਾਲਸਾ ਸਾਜਨਾ ਦਿਵਸ ਦੇ ਸਬੰਧ ਵਿਚ ਸਲੋਹ 'ਚ ਸਜਾਇਆ ਨਗਰ ਕੀਰਤਨ

ਲੰਡਨ-ਖਾਲਸਾ ਸਾਜਨਾ ਦਿਵਸ ਦੇ ਸਬੰਧ ਵਿਚ 2022 ਦੀ ਵਿਸਾਖੀ ਦਾ ਨਗਰ ਕੀਰਤਨ 24 ਅਪ੍ਰੈਲ ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਲੋਹ ਤੋਂ ਸਜਾਇਆ ਗਿਆ। ਸ੍ਰੀ ਗੁਰੂ ਸਿੰਘ ਸਭਾ ਸਲੋਹ ਦੇ ਜਨਰਲ ਸਕੱਤਰ ਗੁਪਿੰਦਰ ਸਿੰਘ ਪੱਡਾ ਨੇ ਕਿਹਾ ਕਿ ਵਿਸਾਖੀ ਸਿੱਖ ਕੈਲੰਡਰ ਵਿਚ ਇਕ ਮਹੱਤਵਪੂਰਣ ਤਾਰੀਕ ਦੇ ਨਿਸ਼ਾਨਦੇਹੀ ਕਰਦੀ ਹੈ, ਇਹ ਸਮਾਜਿਕ ਇਨਕਲਾਬ, ਸਿਮਰਨ ਤੇ ਹੱਕ ਦੀ ਕਮਾਈ ਕਰਨ ਤੇ ਵੰਡ ਕੇ ਛਕਣ ਸਬੰਧੀ ਗੁਰੂ ਸਾਹਿਬ ਦੇ ਸੰਦੇਸ਼ ਪ੍ਰਤੀ ਵਚਨਬੱਧਤਾ ਦਾ ਜਸ਼ਨ ਹੈ। ਅਸੀਂ ਪੱਛਮੀ ਲੰਡਨ ਤੋਂ ਸੰਗਤ ਦੇ ਸ਼ਾਮਿਲ ਹੋਣ ਤੋਂ ਬਹੁਤ ਖੁਸ਼ ਹਾਂ। ਸਲੋਹ ਤੋਂ ਐਮਪੀ ਤਨਮਨਜੀਤ ਸਿੰਘ ਢੇਸੀ ਜਿਹੜੇ ਨਗਰ ਕੀਰਤਨ ਵਿਚ ਸ਼ਾਮਿਲ ਹੋਏ ਨੇ ਕਿਹਾ ਕਿ ਆਖਰਕਾਰ ਸਥਾਨਕ ਭਾਈਚਾਰੇ ਨਾਲ ਵਿਸਾਖੀ ਦਾ ਤਿਉਹਾਰ ਨੂੰ ਮਨਾਉਣਾ ਵਧੀਆ ਲਗਦਾ ਹੈ, ਮਹਾਂਮਾਰੀ ਨੇ ਇਸ ਨੂੰ ਸਾਡੇ ਕੋਲੋਂ ਖੋਹ ਲਿਆ ਸੀ। ਉਨ੍ਹਾਂ ਨੇ ਇੰਨੇ ਵੱਡੇ ਪੱਧਰ 'ਤੇ ਨਗਰ ਕੀਰਤਨ ਨੂੰ ਨਿਰਵਿਘਨ ਨੇਪਰੇ ਚਾੜ੍ਹਨ ਲਈ ਸਥਾਨਕ ਸਿੱਖ ਗੁਰਦੁਆਰਾ ਕਮੇਟੀਆਂ, ਵਲੰਟੀਅਰਾਂ, ਪੁਲਿਸ ਤੇ ਕੌਂਸਲ ਨੂੰ ਵਧਾਈ ਦਿੱਤੀ।

# ਹਿਟ ਐਂਡ ਰਨ ਹਾਦਸੇ ਵਿਚ ਪੈਦਲ ਯਾਤਰੀ ਨੂੰ ਗੰਭੀਰ ਸੱਟਾਂ ਲੱਗੀਆਂ

ਐਬਟਸਫੋਰਡ-ਪੁਲਿਸ ਐਬਟਸਫਰੋਡ ਵਿਚ ਇਕ ਹਿਟ ਐਂਡ ਰਨ ਹਾਦਸੇ ਦੀ ਜਾਂਚ ਕਰ ਰਹੀ ਹੈ ਜਿਸ ਵਿਚ ਮੰਗਲਵਾਰ ਦੇਰ ਰਾਤ 38 ਸਾਲਾ ਵਿਅਕਤੀ ਨੂੰ ਗੰਭੀਰ ਸੱਟਾਂ ਨਾਲ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਐਬਟਸਫੋਰਡ ਪੁਲਿਸ ਨੇ ਨਿਊਜ਼ ਰਿਲੀਜ਼ ਵਿਚ ਦੱਸਿਆ ਕਿ ਦੁਰਘਟਨਾ ਅੱਧੀ ਰਾਤ ਤੋਂ ਥੋੜਾ ਪਹਿਲਾਂ ਕਲੀਅਰਬੁੱਕ ਰੋਡ ਵਿਖੇ ਹਿਲਕਰੇਸਟ ਐਵੀਨਿਊ 'ਤੇ ਵਾਪਰੀ। ਡਰਾਈਵਰ ਨੇ ਪੈਦਲ ਯਾਤਰੀ ਨੂੰ ਟੱਕਰ ਮਾਰੀ ਤੇ ਮੌਕੇ ਤੋਂ ਗੱਡੀ ਲੈ ਕੇ ਭੱਜ ਗਿਆ। ਜਦੋਂ ਐਮਰਜੈਂਸੀ ਅਮਲਾ ਮੌਕੇ 'ਤੇ ਪੁੱਜਾ ਤਾਂ ਉਨ੍ਹਾਂ ਨ ਦੇਖਿਆ ਕਿ ਪੀੜਤ ਦੇ ਗੰਭੀਰ ਸੱਟਾਂ ਲੱਗੀਆਂ ਹੋਈਆਂ ਹਨ। ਜਾਂਚ ਅਧਿਕਾਰੀ ਹੁਣ ਸ਼ੱਕੀ ਮੋਟਰ ਗੱਡੀ ਦੀ ਪਛਾਣ ਕਰਨ ਵਿਚ ਲੱਗੇ ਹੋਏ ਹਨ ਅਤੇ ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਨੇ ਦੁਰਘਟਨਾ ਹੁੰਦੀ ਦੇਖੀ ਹੋਵੇ ਜਾਂ ਇਲਾਕੇ ਵਿਚ ਦੁਰਘਟਨਾ ਤੋਂ ਪਹਿਲਾਂ ਡੈਸ਼ਕੈਮ ਵੀਡੀਓ ਰਿਕਾਰਡਡ ਹੋਵੇ ਤਾਂ ਉਹ ਪੁਲਿਸ ਨਾਲ ਸੰਪਰਕ ਕਰੇ।

# ਜੈਸਨ ਕੈਨੀ ਵਲੋਂ ਛੇਤੀ ਚੋਣਾਂ ਕਰਵਾਉਣ ਤੋਂ ਇਨਕਾਰ

ਐਡਮਿੰਟਨ-ਪ੍ਰੀਮੀਅਰ ਜੈਸਨ ਕੈਨੀ ਦੀ ਮਹੀਨਿਆਂ ਤੋਂ



ਉਨ੍ਹਾਂ ਦੀ ਕੌਕਸ ਦੇ ਅੰਦਰ ਤੇ ਬਾਹਰ ਕੰਸਰਵੇਟਿਵ ਐਮਐਲਏਜ਼ ਆਲੋਚਨਾ ਕਰ ਰਹੇ ਹਨ ਅਤੇ ਇਕ ਸਥਾਨਕ ਰਾਜਸੀ ਵਿਗਿਆਨੀ ਨੇ ਵੀ ਕਿਹਾ ਕਿ ਛੇਤੀ ਚੋਣਾਂ ਸੰਭਵ ਹਨ। ਮੰਗਲਵਾਰ ਯੂਨਾਈਟਡ ਕੰਸਰਵੇਟਿਵ ਪਾਰਟੀ ਐਮਐਲਏ ਨੇ ਜਨਤਕ ਤੌਰ 'ਤੇ ਕੈਨੀ ਤੇ ਦੂਸਰੇ ਸਰਕਾਰੀ ਸਟਾਫ 'ਤੇ ਆਲੋਚਕਾਂ ਖਿਲਾਫ ਧੱਕੇਸ਼ਾਹੀ ਕਰਨ ਤੇ ਧਮਕਾਉਣ ਦੀਆਂ ਚਾਲਾਂ ਚਲਣ ਦਾ ਦੋਸ਼ ਲਗਾਇਆ ਹੈ। ਯੂਸੀਪੀ ਕੌਕਸ ਦੀ ਮੀਟਿੰਗ ਅੰਦਰ ਪ੍ਰੀਮੀਅਰ ਨੇ ਆਪਣੇ ਮੈਂਬਰਾਂ ਨੂੰ ਚੁੱਪ ਰਹਿਣ ਲਈ ਛੇਤੀ ਚੋਣਾਂ ਕਰਵਾਉਣ ਦੀ ਧਮਕੀ ਦਿੱਤੀ ਸੀ। ਬੁੱਧਵਾਰ ਜੈਸਨ ਕੈਨੀ ਨੇ ਜ਼ੋਰ ਦੇ ਕੇ ਕਿਹਾ ਕਿ ਅਲਬਰਟਾ ਵਾਸੀਆਂ ਨੂੰ ਛੇਤੀ ਚੋਣਾਂ ਵਿਚ ਨਹੀਂ ਭੇਜਿਆ ਜਾਵੇਗਾ ਜਦਕਿ ਰੇਚਲ ਨੋਟਲੇ ਨੇ ਖੁਲਾਸਾ ਕੀਤਾ ਕਿ ਉਨ੍ਹਾਂ ਦੀ ਐਨਡੀਪੀ ਸਤੰਬਰ ਤਕ ਆਪਣੇ ਸਾਰੇ ਉਮੀਦਵਾਰਾਂ ਨੂੰ ਚੋਣਾਂ ਵਾਸਤੇ ਤਿਆਰ ਕਰਨ ਲਈ ਯੋਜਨਾ ਬਣਾ ਰਹੀ ਹੈ।

# ਵੈਨਕੂਵਰ-ਕੁਇਲਚੇਨਾ ਜ਼ਿਮਨੀ ਚੋਣ 'ਚ ਪਹਿਲੀ ਵਾਰ ਰਜਿਸਟਰੇਸ਼ਨ, ਵੋਟਿੰਗ ਤੇ ਵੋਟਾਂ ਦੀ ਗਿਣਤੀ ਡਿਜੀਟਲ ਤਰੀਕੇ ਨਾਲ ਹੋਵੇਗੀ

ਵਿਕਟੋਰੀਆ-ਸਨਿਚਰਵਾਰ ਨੂੰ ਵੈਨਕੂਵਰ-ਕੁਇਲਚੇਨਾ ਵਿਚ ਸੂਬਾ ਉਪ ਚੋਣ ਵਿਚ ਪਹਿਲੀ ਵਾਰ ਰਜਿਸਟਰੇਸ਼ਨ, ਵੋਟਿੰਗ ਤੇ ਵੋਟਾਂ ਦੀ ਗਿਣਤੀ ਲਈ ਡਿਜੀਟਲ ਤਕਨੀਕ ਦੀ ਵਰਤੋਂ ਕੀਤੀ ਜਾਵੇਗੀ। ਪਿਛਲੇ ਮਹੀਨੇ ਬੀਸੀ ਅਟਾਰਨੀ ਜਨਰਲ ਦੇ ਮੰਤਰਾਲੇ ਨੇ ਬੀਸੀ ਇਲੈਕਸ਼ਨ ਐਕਟ ਵਿਚ ਸੋਧ ਦਾ ਐਲਾਨ ਕੀਤਾ ਸੀ ਜਿਸ ਦੀ ਸਿਫਾਰਸ਼ 2018 ਵਿਚ ਸੂਬੇ ਦੇ ਮੁੱਖ ਚੋਣ ਅਫਸਰ ਨੇ ਕੀਤੀ ਸੀ। ਸਨਿਚਰਵਾਰ ਨੂੰ ਵੋਟਾਂ ਲਈ ਪਹਿਲੀ ਤਬਦੀਲੀ ਇਹ ਹੋਵੇਗੀ ਕਿ ਚੋਣ ਅਧਿਕਾਰੀ ਵੋਟਰਾਂ ਦੀ ਤਸਦੀਕ ਲਈ ਰਵਾਇਤੀ ਵੱਡੇ ਕਾਗਜ਼ਾਂ ਵਾਲੀ ਬੁੱਕ ਦੀ ਥਾਂ ਇਲੈਕਟ੍ਰਾਨਿਕ ਵੋਟਿੰਗ ਬੁੱਕ ਦੀ ਵਰਤੋਂ ਕਰਨਗੇ। ਦੂਸਰਾ ਪੋਲਿੰਗ ਸਟੇਸ਼ਨਾਂ 'ਤੇ ਬੈਲਟ ਪ੍ਰਿੰਟਰ ਸ਼ਾਮਿਲ ਕੀਤੇ ਜਾਣਗੇ। ਪ੍ਰਿੰਟਰ ਸੂਬੇ ਵਿਚ ਕਿਸੇ ਵੀ ਥਾਂ 'ਤੇ ਵੋਟ ਪਾਉਣ ਲਈ ਬੀਸੀ ਦੇ ਕਿਸੇ ਵੀ ਰਜਿਸਟਰਡ ਵੋਟਰ ਬਾਰੇ ਸਹੀ ਜਾਣਕਾਰੀ ਨਾਲ ਕਸਟਮ ਬੈਲਟਸ ਤਿਆਰ ਕਰਨਗੇ। ਤੀਸਰੀ ਅਤੇ ਸ਼ਾਇਦ ਸਭ ਤੋਂ ਮਹੱਤਵਪੂਰਣ ਤਬਦੀਲੀ ਵੋਟ ਗਿਣਤੀ ਮਸ਼ੀਨਾਂ ਹਨ ਜਿਨ੍ਹਾਂ ਨੂੰ ਟੈਬੂਲੇਟਰਜ਼ ਕਿਹਾ ਜਾਂਦਾ ਹੈ। ਉਨ੍ਹਾਂ ਨਾਲ ਤੇਜ਼ੀ ਤੇ ਜ਼ਿਆਦਾ ਸਹੀ ਤਰੀਕੇ ਨਾਲ ਵੋਟਾਂ ਦੀ ਗਿਣਤੀ ਕੀਤੀ ਜਾਵੇਗੀ।

BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping

Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC

CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
Always Low Prices
2X6X8' Kiln Dry Fir $4.95 EA
1X4 Red Cedar 10' $2.95 EA
4X8X3/8" Paint Grade Plywood $21.95 EA
4X8X1/2" Paint Grade Plywood $29.95 EA
*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
We Deliver to Your Job Site
(Even to the Moon)
"Where the Builders Buy"

REAL ESTATE BUY & SELL
KULWANT ATWAL 604-716-2135
MORTGAGES 1st, 2nd or Private
BHAJAN ATWAL 604-773-8426
BUILD WITH WARRANTY
BUILD, SUPPORT & ADVICE TEAM WORK
604-773-8426
604-594-7592

Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:

amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House To Sell & Save Thousands Dollars & Guaranteed Sold"
RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply
Real Estate, Mortgage, Build & Warranty, Private Mortgages
604-716-2135 604-773-8426

# ਪੰਜਾਬ ਵਿਧਾਨ ਸਭਾ ਵਿਚ ਭਰਤੀਆਂ ਦੀ ਜਾਂਚ ਦੇ ਹੁਕਮ

ਚੰਡੀਗੜ੍ਹ-ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਾਂਗਰਸ ਦੇ ਪਿਛਲੇ ਪੰਜ ਸਾਲਾ ਕਾਰਜਕਾਲ ਦੌਰਾਨ ਵਿਧਾਨ ਸਭਾ 'ਚ ਹੋਈਆਂ ਭਰਤੀਆਂ ਦੀ ਜਾਂਚ



ਕਰਾਉਣ ਦੇ ਹੁਕਮ ਦਿੱਤੇ ਹਨ। ਸਪੀਕਰ ਨੇ ਕਿਹਾ ਕਿ ਪਿਛਲੇ ਸਮੇਂ ਦੌਰਾਨ ਵਿਧਾਨ ਸਭਾ ਵਿੱਚ ਜਿੰਨੀਆਂ ਵੀ ਭਰਤੀਆਂ ਹੋਈਆਂ ਹਨ, ਉਨ੍ਹਾਂ ਦੀ ਜਾਂਚ ਕਰਵਾਈ ਜਾਵੇਗੀ। ਸ੍ਰੀ ਸੰਧਵਾਂ ਦੇ ਇਸ ਐਲਾਨ ਤੋਂ ਬਾਅਦ ਸਿਆਸੀ ਹਲਕਿਆਂ 'ਚ ਹਲਚਲ ਪਾਈ ਜਾ ਰਹੀ ਹੈ ਕਿਉਂਕਿ ਵਿਧਾਨ ਸਭਾ ਦੇ ਸਪੀਕਰ ਨੂੰ ਜੋ ਸ਼ਿਕਾਇਤ ਮਿਲੀ ਹੈ, ਉਸ ਵਿੱਚ ਕਾਂਗਰਸ ਦੇ ਰਾਜ ਸਮੇਂ ਸਪੀਕਰ ਰਾਣਾ ਕੇਪੀ ਸਿੰਘ, ਸਾਬਕਾ ਡਿਪਟੀ ਸਪੀਕਰ ਅਜਾਇਬ ਸਿੰਘ ਭੱਟੀ, ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀਆਂ ਸਿਫਾਰਸ਼ਾਂ 'ਤੇ ਭਰਤੀਆਂ ਹੋਣ ਅਤੇ ਨਿਯਮਾਂ ਨੂੰ ਨਜ਼ਰਅੰਦਾਜ਼ ਕਰਨ ਦੇ ਦੋਸ਼ ਲੱਗੇ ਹਨ। ਮਹੱਤਵਪੂਰਨ ਤੱਥ ਇਹ ਹੈ ਕਿ ਵਿਧਾਨ ਸਭਾ ਵਿੱਚ ਕੀਤੀ ਜਾਂਦੀ ਭਰਤੀ ਦੇ ਮਾਮਲੇ 'ਤੇ ਸਿਆਸੀ ਗਲਿਆਰਿਆਂ ਵਿੱਚ ਚਰਚਾ ਤਾਂ ਕਈ ਵਾਰੀ ਹੋਈ ਹੈ ਪਰ ਸਪੀਕਰ ਦੇ ਪੱਧਰ 'ਤੇ ਜਾਂਚ ਕਰਾਉਣ ਦਾ ਐਲਾਨ ਪਹਿਲੀ ਵਾਰੀ ਕੀਤਾ ਗਿਆ ਹੈ। ਪੰਜਾਬ ਦੇ ਖਣਨ ਤੇ ਕਾਨੂੰਨ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਪਿਛਲੇ ਦਿਨਾਂ ਦੌਰਾਨ ਇਹ ਮਾਮਲਾ ਜਨਤਕ ਕੀਤਾ ਗਿਆ ਸੀ। ਮੰਤਰੀ ਨੇ ਦਾਅਵਾ ਕੀਤਾ ਸੀ ਕਿ ਵਿਧਾਨ ਸਭਾ ਵਿੱਚ ਸਾਲ 2017 ਤੋਂ 2022 ਵਿਚਾਲੇ 5 ਸਾਲਾਂ ਦੌਰਾਨ 170 ਦੇ ਕਰੀਬ ਵਿਅਕਤੀਆਂ ਨੂੰ ਨੌਕਰੀਆਂ ਦਿੱਤੀਆਂ ਗਈਆਂ ਹਨ ਤੇ ਇਨ੍ਹਾਂ ਭਰਤੀਆਂ ਦੌਰਾਨ ਰਾਖਵਾਂਕਰਨ ਤੇ ਹੋਰ ਨਿਯਮਾਂ ਨੂੰ ਨਜ਼ਰਅੰਦਾਜ਼ ਕਰਕੇ ਮਹਿਜ਼ ਸਿਫਾਰਸ਼ਾਂ ਹੀ ਦੇਖੀਆਂ ਗਈਆਂ। ਸੱਤਾਧਾਰੀ ਧਿਰ ਦੇ ਕਈ ਆਗੂਆਂ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਇਨ੍ਹਾਂ ਭਰਤੀਆਂ ਵਿੱਚ ਕਈ ਵਿਅਕਤੀ ਸਾਬਕਾ ਮੰਤਰੀਆਂ ਅਤੇ ਹੋਰਨਾਂ ਰਸੂਖਦਾਰਾਂ ਦੇ ਘਰਾਂ ਵਿੱਚ ਹੀ ਕੰਮ ਕਰਦੇ ਸਨ ਤੇ ਇਨ੍ਹਾਂ ਨੂੰ ਵਿਧਾਨ ਸਭਾ 'ਚ ਸਰਕਾਰੀ ਨੌਕਰੀਆਂ ਦੇ ਦਿੱਤੀਆਂ ਗਈਆਂ ਹਨ। ਵਿਧਾਨ ਸਭਾ 'ਚ ਭਰਤੀਆਂ ਸਬੰਧੀ ਜੋ ਅੰਕੜਾ ਜਨਤਕ ਕੀਤਾ ਗਿਆ ਸੀ ਉਸ ਮੁਤਾਬਕ ਇਸ ਅਰਸੇ ਦੌਰਾਨ ਕਲਰਕ, ਸਹਾਇਕ ਕਲਰਕ, ਚੌਕੀਦਾਰ, ਚਪੜਾਸੀ, ਸਫ਼ਾਈ ਸੇਵਕ, ਰਿਪੋਰਟਰ, ਸਹਾਇਕ ਲਾਇਬ੍ਰੇਰੀਅਨ, ਸਹਾਇਕ ਪ੍ਰੋਗਰਾਮਰ, ਡਾਟਾ ਐਂਟਰੀ ਅਪਰੇਟਰ, ਕਾਪੀ ਹੋਲਡਰ, ਕਾਨੂੰਨ ਅਫ਼ਸਰ ਅਤੇ ਜੂਨੀਅਰ ਟਰਾਂਸਲੇਟਰ ਆਦਿ ਦੀਆਂ ਅਸਾਮੀਆਂ 'ਤੇ ਭਰਤੀਆਂ ਹੋਈਆਂ ਸਨ। ਹਾਕਮ ਧਿਰ ਨੇ ਇਹ ਵੀ ਦੋਸ਼ ਲਾਇਆ ਕਿ ਵਿਧਾਨ ਸਭਾ 'ਚ ਭਰਤੀ ਦੌਰਾਨ ਹਿਮਾਚਲ ਪ੍ਰਦੇਸ਼ ਤੇ ਹੋਰਨਾਂ ਸੂਬਿਆਂ ਨਾਲ ਸਬੰਧਤ ਵਿਅਕਤੀਆਂ ਨੂੰ ਵੀ ਭਰਤੀ ਕੀਤਾ ਗਿਆ ਜਿਸ ਨਾਲ ਪੰਜਾਬੀਆਂ ਦਾ ਹੱਕ ਮਾਰਿਆ ਗਿਆ।

# ਪੰਜਾਬ ਵਿਚ ਬਿਜਲੀ ਸੰਕਟ ਗੰਭੀਰ ਬਣਿਆ

## ਕਿਸਾਨ ਜਥੇਬੰਦੀਆਂ ਨੇ ਰੋਸ ਪ੍ਰਦਰਸ਼ਨ ਸ਼ੁਰੂ

ਚੰਡੀਗੜ੍ਹ-ਪੰਜਾਬ 'ਚ ਐਤਕੀਂ ਅਗੇਤੀ ਗਰਮੀ ਪੈਣ ਕਰਕੇ ਝੋਨੇ ਦੇ ਸੀਜ਼ਨ ਤੋਂ ਪਹਿਲਾਂ ਹੀ ਬਿਜਲੀ ਦਾ ਸੰਕਟ ਬਣ ਗਿਆ ਹੈ ਜੋ ਹੁਣ ਬੇਕਾਬੂ ਹੁੰਦਾ ਜਾਪ



ਰਿਹਾ ਹੈ। 'ਆਪ' ਸਰਕਾਰ ਨੇ ਬਿਜਲੀ ਸੰਕਟ ਕਾਬੂ ਕਰਨ ਲਈ ਹੀਲੇ ਵਸੀਲੇ ਸ਼ੁਰੂ ਕਰ ਦਿੱਤੇ ਹਨ। ਦੂਜੇ ਬੰਨੇ ਕਿਸਾਨ ਜਥੇਬੰਦੀਆਂ ਨੇ ਬਿਜਲੀ ਸੰਕਟ ਨੂੰ ਲੈ ਕੇ ਪ੍ਰਦਰਸ਼ਨ ਵਿੱਢ ਦਿੱਤੇ ਹਨ। ਵਿਰੋਧੀ ਧਿਰਾਂ ਨੇ ਵੀ ਸਰਕਾਰ ਨੂੰ ਇਸ ਮਾਮਲੇ 'ਚ ਕਟਹਿਰੇ ਵਿਚ ਖੜ੍ਹਾ ਕਰਨਾ ਸ਼ੁਰੂ ਕਰ ਦਿੱਤਾ ਹੈ। ਬੀਤੇ ਦਿਨੀਂ ਤਲਵੰਡੀ ਸਾਬੋ ਅਤੇ ਰੋਪੜ ਥਰਮਲ ਦੇ ਦੋ ਯੂਨਿਟ ਬੁਆਇਲਰ ਲੀਕ ਹੋਣ ਕਰਕੇ ਬੰਦ ਹੋ ਗਏ ਸਨ ਜਿਨ੍ਹਾਂ 'ਚੋਂ ਰੋਪੜ ਤਾਪ ਬਿਜਲੀ ਘਰ ਦਾ ਯੂਨਿਟ ਮੁੜ ਚੱਲ ਪਿਆ ਹੈ। ਜਿਵੇਂ ਜਿਵੇਂ ਪੰਜਾਬ ਵਿਚ ਤਪਸ਼ ਵਧ ਰਹੀ ਹੈ, ਉਸੇ ਤਰ੍ਹਾਂ ਹੀ ਗਰਮੀ ਵਧਦੀ ਜਾ ਰਹੀ ਹੈ। ਪਾਵਰਕੌਮ ਨੇ ਬਿਜਲੀ ਕੱਟ ਲਾਉਣੇ ਸ਼ੁਰੂ ਕਰ ਦਿੱਤੇ ਹਨ ਜਿਸ ਕਰਕੇ ਜਨਜੀਵਨ ਪ੍ਰਭਾਵਿਤ ਹੋਣ ਲੱਗ ਪਿਆ ਹੈ। ਐਤਕੀਂ ਵਾਢੀ ਜਲਦੀ ਖ਼ਤਮ ਹੋਣ ਕਰਕੇ ਖੇਤੀ ਸੈਕਟਰ ਵਿਚ ਵੀ ਪਾਣੀ ਦੀ ਮੰਗ ਵਧਣ ਲੱਗ ਪਈ ਹੈ। ਸੂਬੇ ਵਿਚ ਪੰਜ ਤਾਪ ਬਿਜਲੀ ਘਰਾਂ ਦੇ ਕੁੱਲ 15 ਯੂਨਿਟਾਂ 'ਚੋਂ ਇਸ ਵੇਲੇ 10 ਯੂਨਿਟ ਹੀ ਚੱਲ ਰਹੇ ਹਨ। ਪਾਵਰਕੌਮ ਕੋਲ ਇਸ ਵੇਲੇ 4498 ਮਿਲੀਅਨ ਯੂਨਿਟ ਬਿਜਲੀ ਉਪਲੱਬਧ ਹੈ ਜਦੋਂ ਕਿ ਪਿਛਲੇ ਵਰ੍ਹੇ ਅਪਰੈਲ ਵਿਚ 3167 ਮਿਲੀਅਨ ਯੂਨਿਟ ਸੀ। ਇਸ 'ਚ 42 ਫ਼ੀਸਦੀ ਦਾ ਵਾਧਾ ਹੋਇਆ ਹੈ। ਬੀਤੇ ਦਿਨੀਂ ਦੋ ਯੂਨਿਟ ਬੰਦ ਹੋਣ ਕਰਕੇ 800 ਮੈਗਾਵਾਟ ਬਿਜਲੀ ਦੀ ਕਟੌਤੀ ਹੋ ਗਈ ਸੀ। ਦੋ ਦਿਨਾਂ ਤੱਕ ਬਿਜਲੀ ਸਪਲਾਈ ਵਿਚ ਸੁਧਾਰ ਹੋਣ ਦੀ ਉਮੀਦ ਕੀਤੀ ਜਾ ਰਹੀ ਹੈ। ਤਲਵੰਡੀ ਸਾਬੋ ਤਾਪ ਬਿਜਲੀ ਘਰ ਦਾ ਇੱਕ ਯੂਨਿਟ ਭਲਕੇ ਤੱਕ ਚੱਲਣ ਦੀ ਸੰਭਾਵਨਾ ਹੈ ਜਦੋਂ ਕਿ ਸਾਲਾਨਾ ਮੁਰੰਮਤ ਲਈ ਬੰਦ ਰੋਪੜ ਥਰਮਲ ਦਾ ਯੂਨਿਟ ਵੀ 30 ਅਪਰੈਲ ਨੂੰ ਚੱਲਣ ਦਾ ਅਨੁਮਾਨ ਹੈ। ਪਹਿਲੀ ਮਈ ਤੋਂ ਬੈਂਕਿੰਗ 'ਚੋਂ 300 ਮੈਗਾਵਾਟ ਬਿਜਲੀ ਮਿਲਣੀ ਸ਼ੁਰੂ ਹੋ ਜਾਵੇਗੀ। ਪਾਵਰਕੌਮ ਆਸਵੰਦ ਹੈ ਕਿ ਪਹਿਲੀ ਮਈ ਤੋਂ ਬਿਜਲੀ ਸਪਲਾਈ 'ਚ ਕਾਫ਼ੀ ਸੁਧਾਰ ਹੋਵੇਗਾ। ਪੰਜਾਬ ਵਿਚ ਬਿਜਲੀ ਕੱਟ ਲੱਗਣ ਕਰਕੇ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦਿਹਾਤੀ ਖੇਤਰ ਨੂੰ ਸਭ ਤੋਂ ਜ਼ਿਆਦਾ ਮਾਰ ਪੈ ਰਹੀ ਹੈ। ਆਉਂਦੇ ਦਿਨਾਂ ਵਿਚ ਸਪਲਾਈ ਵਿਚ ਸੁਧਾਰ ਨਾ ਹੋਇਆ ਤਾਂ ਲੋਕਾਂ ਦੇ ਸੜਕਾਂ 'ਤੇ ਉਤਰਨ ਦੀ ਸੰਭਾਵਨਾ ਬਣ ਸਕਦੀ ਹੈ। ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ ਨੇ ਐਲਾਨ ਕੀਤਾ ਹੈ ਕਿ ਉਹ 29 ਅਪਰੈਲ ਨੂੰ ਬਿਜਲੀ ਮੰਤਰੀ ਦੇ ਘਰ ਅੱਗੇ ਰੋਸ ਪ੍ਰਦਰਸ਼ਨ ਕਰਨਗੇ ਅਤੇ ਮੰਗ ਪੱਤਰ ਵੀ ਦਿੱਤਾ ਜਾਵੇਗਾ। ਬਾਕੀ ਕਿਸਾਨ ਜਥੇਬੰਦੀਆਂ ਨੇ ਵੀ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਹੈ। ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੱਧੂ ਨੇ ਅੱਜ ਟਵੀਟ ਕਰਕੇ ਕਿਹਾ ਕਿ 'ਇੱਕ ਮੌਕਾ 'ਆਪ' ਨੂੰ, ਨਾ ਦਿਨੇ ਬਿਜਲੀ, ਨਾ ਰਾਤ ਨੂੰ।' ਕੋਲੇ ਦੀ ਪੁਜ਼ੀਸ਼ਨ 'ਤੇ ਨਜ਼ਰ ਮਾਰੀਏ ਤਾਂ ਰਾਜਪੁਰਾ ਥਰਮਲ ਕੋਲ 18.5 ਦਿਨਾਂ ਦਾ ਕੋਲਾ ਭੰਡਾਰ ਪਿਆ ਹੈ ਜਦੋਂ ਕਿ ਤਲਵੰਡੀ ਸਾਬੋ ਥਰਮਲ ਕੋਲ 6.5 ਦਿਨਾਂ ਦਾ ਕੋਲਾ ਮੌਜੂਦ ਹੈ। ਲਹਿਰਾ ਮੁਹੱਬਤ ਤਾਪ ਬਿਜਲੀ ਘਰ ਕੋਲ 4, ਰੋਪੜ ਥਰਮਲ ਕੋਲ 8.3 ਅਤੇ ਗੋਇੰਦਵਾਲ ਥਰਮਲ ਕੋਲ 2.4 ਦਿਨਾਂ ਦਾ ਕੋਲਾ ਸਟਾਕ ਪਿਆ ਹੈ।

# ਸ਼੍ਰੋਮਣੀ ਕਮੇਟੀ ਗੁਰਬਾਣੀ ਪ੍ਰਸਾਰਨ ਲਈ ਵੈਬ ਚੈਨਲ ਸ਼ੁਰੂ ਕਰਨ ਵਿਚ ਪਛੜੀ

ਅੰਮ੍ਰਿਤਸਰ-ਸ੍ਰੀ ਦਰਬਾਰ ਸਾਹਿਬ 'ਚ ਹੁੰਦੇ ਗੁਰਬਾਣੀ ਕੀਰਤਨ ਦਾ ਸਿੱਧਾ ਪ੍ਰਸਾਰਨ ਸਿੱਖ ਸੰਸਥਾ ਵੱਲੋਂ ਆਪਣੇ ਵੈੱਬ ਚੈਨਲ 'ਤੇ ਸ਼ੁਰੂ ਕਰਨ ਸਬੰਧੀ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਹਰਪ੍ਰੀਤ ਸਿੰਘ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਦਿੱਤੇ ਗਏ ਹੁਕਮ ਨੂੰ ਅਮਲੀ ਜਾਮਾ ਪਹਿਨਾਉਣ ਵਿੱਚ ਫਿਲਹਾਲ ਸ਼੍ਰੋਮਣੀ ਕਮੇਟੀ ਪੱਛੜਦੀ ਦਿਖਾਈ ਦੇ ਰਹੀ ਹੈ। ਫਿਲਹਾਲ ਕੀਰਤਨ ਦਾ ਸਿੱਧਾ ਪ੍ਰਸਾਰਨ ਇਕ ਨਿੱਜੀ ਚੈਨਲ ਵੱਲੋਂ ਕੀਤਾ ਜਾ ਰਿਹਾ ਹੈ, ਜਿਸ ਦੇ ਪ੍ਰਬੰਧਕਾਂ 'ਤੇ ਗੰਭੀਰ ਦੋਸ਼ ਲੱਗੇ ਹਨ। ਇਹ ਦੋਸ਼ ਲੱਗਣ ਮਗਰੋਂ ਸਿੱਖ ਸੰਗਤ ਵੱਲੋਂ ਮੰਗ ਕੀਤੀ ਗਈ ਹੈ ਕਿ ਨਿੱਜੀ ਚੈਨਲ ਰਾਹੀਂ ਗੁਰਬਾਣੀ ਕੀਰਤਨ ਦਾ ਸਿੱਧਾ ਪ੍ਰਸਾਰਨ ਬੰਦ ਕੀਤਾ ਜਾਵੇ। ਇਸ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਹਰਪ੍ਰੀਤ ਸਿੰਘ ਨੇ ਅੱਠ ਅਪਰੈਲ ਨੂੰ ਲਿਖਤੀ ਰੂਪ ਵਿੱਚ ਸ਼੍ਰੋਮਣੀ ਕਮੇਟੀ ਨੂੰ ਆਪਣਾ ਚੈਨਲ ਸ਼ੁਰੂ ਕਰਨ ਲਈ ਕਿਹਾ ਸੀ ਤੇ ਨਿੱਜੀ ਚੈਨਲ ਸ਼ੁਰੂ ਹੋਣ ਤੱਕ ਇਹ ਪ੍ਰਸਾਰਨ ਸ਼੍ਰੋਮਣੀ ਕਮੇਟੀ ਨੂੰ ਆਪਣੇ ਵੈੱਬ ਚੈਨਲ ਰਾਹੀਂ ਕਰਨ ਲਈ ਕਿਹਾ ਗਿਆ ਸੀ। ਇਸ ਕੰਮ ਲਈ ਸ਼੍ਰੋਮਣੀ ਕਮੇਟੀ ਵੱਲੋਂ ਇਕ ਹਫ਼ਤੇ ਦਾ ਸਮਾਂ ਮੰਗਿਆ ਗਿਆ ਸੀ। ਅੱਜ ਇਸ ਹੁਕਮ ਤੋਂ ਬਾਅਦ ਕਈ ਦਿਨ ਬੀਤ ਜਾਣ 'ਤੇ ਵੀ ਹਾਲੇ ਸ਼੍ਰੋਮਣੀ ਕਮੇਟੀ ਵੈੱਬ ਚੈਨਲ ਰਾਹੀਂ ਗੁਰਬਾਣੀ ਕੀਰਤਨ ਦਾ ਪ੍ਰਸਾਰਨ ਆਰੰਭ ਨਹੀਂ ਸਕੀ ਹੈ। ਸ਼੍ਰੋਮਣੀ ਕਮੇਟੀ ਦੇ ਸਦਨ ਵਿੱਚ ਵਿਰੋਧੀ ਧਿਰ ਦੇ ਕੁਝ ਮੈਂਬਰਾਂ ਵੱਲੋਂ ਇਹ ਮਾਮਲਾ ਬੀਤੇ ਦਿਨ ਹੋਈ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਉਭਾਰਿਆ ਗਿਆ ਸੀ। ਇਸ ਸਬੰਧੀ ਕਮੇਟੀ ਮੈਂਬਰ ਗੁਰਪ੍ਰੀਤ ਸਿੰਘ ਰੰਧਾਵਾ ਨੇ ਪ੍ਰਧਾਨ ਨੂੰ ਇਕ ਪੱਤਰ ਵੀ ਭੇਜਿਆ ਹੈ। ਇਸ ਸਬੰਧੀ ਤਕਨੀਕੀ ਤੇ ਕਾਨੂੰਨੀ ਪੱਖਾਂ ਨੂੰ ਵੀ ਘੋਖਿਆ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਵਲੋਂ ਗੁਰਬਾਣੀ ਦੇ ਪ੍ਰਸਾਰਨ ਲਈ ਨਿੱਜੀ ਚੈਨਲ ਨਾਲ ਕੀਤੇ ਸਮਝੌਤੇ ਤਹਿਤ ਇਹ ਸਮਝੌਤਾ ਫਰਵਰੀ 2023 ਤੱਕ ਲਾਗੂ ਹੈ। ਇਸ ਦੌਰਾਨ ਵੈੱਬ ਚੈਨਲ ਸ਼ੁਰੂ ਕਰਨ ਲਈ ਬਣਾਈ ਸਬ-ਕਮੇਟੀ ਮੈਂਬਰ ਨੇ ਦੱਸਿਆ ਕਿ ਇਸ ਕਮੇਟੀ ਵੱਲੋਂ ਇਸ ਖੇਤਰ ਦੇ ਮਾਹਿਰਾਂ ਨਾਲ ਇੱਕ-ਦੋ ਮੀਟਿੰਗਾਂ ਵੀ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਹ ਕੰਮ ਸ਼੍ਰੋਮਣੀ ਕਮੇਟੀ ਲਈ ਤਕਨੀਕੀ ਪੱਖੋਂ ਨਵਾਂ ਹੈ, ਇਸ ਲਈ ਤਕਨੀਕੀ ਮਾਹਿਰਾਂ ਦੀ ਰਾਏ ਲਈ ਜਾ ਰਹੀ ਹੈ।

# ਪੰਥ ਤੇ ਪੰਜਾਬ ਦੇ ਭਲੇ ਲਈ ਬਾਦਲ ਪਰਿਵਾਰ ਸਿਆਸਤ ਤੋਂ ਲਾਂਭੇ ਹੋਵੇ-ਢੀਂਡਸਾ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਬਾਦਲ ਪਰਿਵਾਰ ਨੂੰ ਸਲਾਹ ਦਿੱਤੀ ਹੈ ਕਿ ਉਹ ਪੰਥ ਤੇ ਪੰਜਾਬ ਦੀ ਭਲਾਈ ਲਈ ਸਿਆਸਤ ਤੋਂ ਲਾਂਭੇ ਹੋ ਜਾਣ। ਸ੍ਰੀ ਢੀਂਡਸਾ ਨੇ ਕਿਹਾ ਕਿ ਸਿੱਖ ਕੌਮ 'ਚ ਆਏ ਨਿਘਾਰ ਅਤੇ ਲੋਕਾਂ ਵਿੱਚ ਅਕਾਲੀ ਦਲ ਦੇ ਘਟੇ ਆਧਾਰ ਲਈ ਸਿਰਫ਼ ਬਾਦਲ ਪਰਿਵਾਰ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਪੰਥ ਅਤੇ ਪੰਜਾਬ ਨੇ ਬਾਦਲ ਪਰਿਵਾਰ ਖਾਸ ਕਰ ਕੇ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਨੂੰ ਬਹੁਤ ਮਾਣ ਸਤਿਕਾਰ ਦਿੱਤਾ ਸੀ, ਪਰ ਅਫ਼ਸੋਸ ਦੀ ਗੱਲ ਹੈ ਕਿ ਸੱਤਾ ਦੇ ਨਸ਼ੇ ਵਿੱਚ ਇਹ ਪਰਿਵਾਰ ਲੋਕਾਂ ਦੀਆਂ ਆਸਾਂ 'ਤੇ ਖਰਾ ਨਹੀਂ ਉਤਰ ਸਕਿਆ। ਸ੍ਰੀ ਢੀਂਡਸਾ ਨੇ ਕਿਹਾ ਕਿ ਲੰਘੀਆਂ ਚੋਣਾਂ ਦੌਰਾਨ ਬਾਦਲਾਂ ਦੀ ਅਗਵਾਈ ਨੂੰ ਪੰਜਾਬੀਆਂ ਅਤੇ ਸਿੱਖਾਂ ਨੇ ਮੁੱਢੋਂ ਨਕਾਰ ਦਿੱਤਾ ਹੈ, ਇਸ ਲਈ ਹੁਣ ਬਾਦਲ ਪਰਿਵਾਰ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਸਿਆਸਤ ਵਿੱਚ ਉਨ੍ਹਾਂ ਦਾ ਦੌਰ ਖਤਮ ਹੋ ਚੁੱਕਿਆ ਹੈ। ਸ੍ਰੀ ਢੀਂਡਸਾ ਨੇ ਇਸ ਮੌਕੇ ਸਮੁਚੇ ਸਿੱਖ ਪੰਥ ਨੂੰ ਕੌਮ ਤੇ ਸਮਾਜ ਦੀ ਬਿਹਤਰੀ ਲਈ ਇਕਜੁੱਟ ਹੋ ਕੇ ਯਤਨ ਕਰਨ ਦੀ ਅਪੀਲ ਕੀਤੀ। ਉਨ੍ਹਾਂ ਅਕਾਲ ਤਖ਼ਤ ਦੇ ਜਥੇਦਾਰ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਵੀ ਇਸ ਮਹਾਨ ਜਥੇਬੰਦੀ ਨੂੰ ਮਜ਼ਬੂਤੀ ਬਖਸ਼ਣ ਵਿੱਚ ਮਦਦ ਕਰਨ। ਉਨ੍ਹਾਂ ਪ੍ਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਇਹ ਅਪੀਲ ਕੀਤੀ ਕਿ ਉਹ ਕੌਮ ਦੇ ਬਿਹਤਰੀ ਲਈ ਸਰਗਰਮ ਸਿਆਸਤ ਤੋਂ ਪਿੱਛੇ ਹਟ ਜਾਣ।

ਓਸ਼ਨ ਵਿਊ ਫਿਸ਼ ਕੈਨਰੀ

OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616

# ਦੂਜੇ ਦੇਸ਼ਾਂ ਨਾਲ ਭਾਰਤ ਦੇ ਸਬੰਧਾਂ 'ਚ ਸਿੱਖ ਭਾਈਚਾਰਾ ਮਜ਼ਬੂਤ ਕੜੀ-ਮੋਦੀ

ਨਵੀਂ ਦਿੱਲੀ-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਇਥੇ ਆਪਣੀ ਰਿਹਾਇਸ਼ 'ਤੇ ਸਿੱਖ ਵਫ਼ਦ ਦੀ ਮੇਜ਼ਬਾਨੀ ਕੀਤੀ। ਉਨ੍ਹਾਂ ਕਿਹਾ ਕਿ ਸਿੱਖ ਭਾਈਚਾਰਾ ਹੋਰਨਾਂ ਮੁਲਕਾਂ ਨਾਲ ਭਾਰਤ ਦੇ ਰਿਸ਼ਤਿਆਂ ਵਿੱਚ ਇੱਕ ਮਜ਼ਬੂਤ ਕੜੀ ਰਿਹਾ ਹੈ। ਸ੍ਰੀ ਮੋਦੀ ਨੇ ਕਿਹਾ, "ਮੈਂ ਭਾਰਤੀ ਪ੍ਰਵਾਸੀਆਂ ਨੂੰ ਹਮੇਸ਼ਾ 'ਰਾਸ਼ਟਰਦੂਤ' ਮੰਨਿਆ ਹੈ। ਪੂਰਾ ਦੇਸ਼ ਅਜ਼ਾਦੀ ਦੇ ਸੰਘਰਸ਼ ਅਤੇ ਆਜ਼ਾਦੀ ਤੋਂ ਬਾਅਦ ਦੇ ਦੌਰ ਵਿੱਚ ਸਿੱਖਾਂ ਦੇ ਯੋਗਦਾਨ ਲਈ ਉਨ੍ਹਾਂ ਦਾ ਧੰਨਵਾਦੀ ਮਹਿਸੂਸ ਕਰਦਾ ਹੈ।" ਉਨ੍ਹਾਂ ਕਿਹਾ ਕਿ ਗੁਰੂਆਂ ਨੇ ਲੋਕਾਂ ਨੂੰ ਪ੍ਰੇਰਿਤ ਕੀਤਾ ਅਤੇ ਸਿੱਖ ਰਵਾਇਤ ਅਸਲ ਵਿੱਚ 'ਏਕ ਭਾਰਤ, ਸ੍ਰੇਸ਼ਠ ਭਾਰਤ' ਦੀ ਜਿਉਂਦੀ ਜਾਗਦੀ ਮਿਸਾਲ ਹੈ। ਪ੍ਰਧਾਨ ਮੰਤਰੀ ਨੂੰ ਮਿਲਣ ਵਾਲੇ ਵਫ਼ਦ ਵਿੱਚ ਵੱਖ ਵੱਖ ਵਰਗਾਂ ਦੇ ਨੁਮਾਇੰਦੇ ਸ਼ਾਮਲ ਸਨ। ਇਸ ਤੋਂ ਪਹਿਲਾਂ ਸ੍ਰੀ ਮੋਦੀ ਨੇ ਅੱਜ ਦਿਨੇ ਟਵੀਟ ਕਰਕੇ ਸਿੱਖ ਵਫ਼ਦ ਨਾਲ ਤਜਵੀਜ਼ਤ ਮੁਲਾਕਾਤ ਦੀ ਜਾਣਕਾਰੀ ਸਾਂਝੀ ਕੀਤੀ ਸੀ।


OASIS WINDOWS INC.

* Quality Products * Superior Service.

Attractive, Energy Efficient And Quality Windows For Your Dream Home Or Housing Projects Or For Renovation

• VINYL WINDOWS • CUSTOM MADE TO YOUR SPECIFICATIONS
• GARDEN WINDOWS • PATIO DOORS & SKYLIGHTS • FREE ESTIMATES




"We are not satisfied until you are"

Phone: (604) 597 - 5033 Fax: (604) 597 - 5029
Tollfree: 1-800-665-2350

19025-52nd Ave., Surrey, BC

Serving Alberta, British Columbia, Washington & California Since 1989

www.oasiswindows.com


# ਇਕ ਮੌਕਾ 'ਆਪ' ਨੂੰ, ਨਾ ਦਿਨੇ ਬਿਜਲੀ ਨਾ ਰਾਤ ਨੂੰ-ਨਵਜੋਤ ਸਿੰਘ ਸਿੱਧੂ



ਅੰਮ੍ਰਿਤਸਰ-ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਪੰਜਾਬ ਵਿਚ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਬਿਜਲੀ ਸੰਕਟ ਸਬੰਧੀ ਵਿਅੰਗ ਕੱਸਿਆ ਹੈ। ਉਨ੍ਹਾਂ ਆਪਣੇ ਟਵਿੱਟਰ ਖਾਤੇ 'ਤੇ ਵਿਅੰਗ ਕਰਦਿਆਂ ਕਿਹਾ ਕਿ 'ਇਕ ਮੌਕਾ ਆਪ ਨੂੰ-ਨਾ ਦਿਨੇ ਬਿਜਲੀ ਨਾ ਰਾਤ ਨੂੰ।' ਸ੍ਰੀ ਸਿੱਧੂ ਨੇ ਲਿਖਿਆ ਕਿ ਇਸ ਵੇਲੇ ਪੰਜਾਬ ਵਿਚ ਬਿਜਲੀ ਦੇ ਵੱਡੇ ਕੱਟ ਲੱਗ ਰਹੇ ਹਨ। ਕਿਸਾਨਾਂ ਨੂੰ ਸਿਰਫ਼ ਦੋ ਘੰਟੇ ਬਿਜਲੀ ਮਿਲ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਸਥਿਤੀ ਵਧੇਰੇ ਮਾੜੀ ਬਣੀ ਹੋਈ ਹੈ। ਉਨ੍ਹਾਂ ਨੇ ਬਿਜਲੀ ਨਿਗਮ ਵੱਲੋਂ ਹੇਠਲੇ ਅਧਿਕਾਰੀਆਂ ਨੂੰ ਜਾਰੀ ਕੀਤੇ ਸਰਕੂਲਰ ਦੀ ਕਾਪੀ ਵੀ ਇੱਥੇ ਨੱਥੀ ਕੀਤੀ ਹੈ, ਜਿਸ ਵਿੱਚ ਵਿਭਾਗ ਵੱਲੋਂ ਐਸਡੀਓ ਅਤੇ ਜੀਏ ਪੱਧਰ ਦੇ ਅਧਿਕਾਰੀਆਂ ਨੂੰ ਆਖਿਆ ਗਿਆ ਕਿ ਆਪਣੇ ਅਧਿਕਾਰ ਖੇਤਰ ਵਿੱਚ ਆਉਂਦੇ ਗੁਰਦੁਆਰਿਆਂ ਵਿਚ ਮੁਨਾਦੀ ਕਰਾਉਣ ਕਿ ਥਰਮਲ ਪਲਾਂਟ ਬੰਦ ਹੋਣ ਕਾਰਨ ਬਿਜਲੀ ਦੀ ਘਾਟ ਪੈਦਾ ਹੋ ਗਈ ਹੈ। ਇਸ ਕਾਰਨ ਮਹਿਕਮੇ ਨੂੰ ਮਜਬੂਰੀ ਵਿਚ ਕਈ ਫੀਡਰਾਂ 'ਤੇ ਕੱਟ ਲਾਉਣੇ ਪੈ ਰਹੇ ਹਨ। ਇਨ੍ਹਾਂ ਥਰਮਲਾਂ 'ਤੇ ਬਿਜਲੀ ਦੀ ਸਪਲਾਈ ਜਲਦੀ ਚਾਲੂ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਨੇ ਖ਼ਪਤਕਾਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਸਥਿਤੀ ਵਿਚ ਬਿਜਲੀ ਨਿਗਮ ਦੀ ਮਦਦ ਕਰਨ ਅਤੇ ਸ਼ਾਂਤੀ ਬਣਾਈ ਰੱਖਣ। ਇਸ ਦੌਰਾਨ ਸ੍ਰੀ ਸਿੱਧੂ ਨੇ ਕਣਕ ਦੀ ਖ਼ਰੀਦ ਅਤੇ ਸਾਂਭ-ਸੰਭਾਲ ਦੇ ਮੁੱਦੇ 'ਤੇ ਵੀ ਪੰਜਾਬ ਸਰਕਾਰ ਨੂੰ ਕਰਾਰੇ ਹੱਥੀਂ ਲਿਆ। ਉਨ੍ਹਾਂ ਕਿਹਾ ਕਿ ਹੁਣ ਤਕ ਟੀਚੇ ਤੋਂ ਘੱਟ ਕਣਕ ਦੀ ਖ਼ਰੀਦ ਹੋਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਸ ਮਾਮਲੇ ਵਿਚ ਕਿਸਾਨਾਂ ਨੂੰ ਰਾਹਤ ਦੇਣ ਵਿਚ ਅਸਫ਼ਲ ਰਹੀ ਹੈ। ਉਨ੍ਹਾਂ ਕਿਹਾ ਕਿ ਜੇ ਐੱਫਸੀਆਈ ਖ਼ਰੀਦ ਨਿਯਮਾਂ ਵਿਚ ਕੁਝ ਛੋਟ ਨਹੀਂ ਦੇ ਰਹੀ ਤਾਂ ਪੰਜਾਬ ਸਰਕਾਰ ਅਗਲੇ ਦੋ ਦਿਨਾਂ ਵਿਚ ਕਣਕ ਦੀ ਖ਼ੁਦ ਖ਼ਰੀਦ ਕਰੇ ਅਤੇ ਕਿਸਾਨਾਂ ਨੂੰ ਕਣਕ ਦੇ ਘੱਟ ਝਾੜ ਲਈ 500 ਰੁਪਏ ਵਾਧੂ ਬੋਨਸ ਵੀ ਦੇਵੇ। ਉਨ੍ਹਾਂ ਇਸ ਮਾਮਲੇ ਵਿਚ ਕਿਸਾਨਾਂ ਨਾਲ ਰਲ ਕੇ ਸੰਘਰਸ਼ ਦੀ ਵੀ ਚਿਤਾਵਨੀ ਦਿੱਤੀ ਹੈ। ਜਾਣਕਾਰੀ ਅਨੁਸਾਰ ਪੰਜਾਬ ਵਿੱਚ ਪੈਦਾ ਹੋਏ ਬਿਜਲੀ ਸੰਕਟ ਨੂੰ ਲੈ ਕੇ ਵਿਰੋਧੀ ਧਿਰਾਂ ਵੱਲੋਂ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਲਗਾਤਾਰ ਵਿਰੋਧ ਕੀਤਾ ਜਾ ਰਿਹਾ ਹੈ।

## ਗੋਲੀ ਲੱਗਣ ਕਾਰਨ ਸਿੱਖ ਨੌਜਵਾਨ ਅਤੇ ਤੇਜ਼ਧਾਰ ਹਥਿਆਰ ਕਾਰਨ ਹਿੰਦੂ ਨੇਤਾ ਫੱਟੜ

ਪਟਿਆਲਾ-ਕਾਲੀ ਮਾਤਾ ਮੰਦਰ ਦੇ ਬਾਹਰ ਸਿੱਖ ਜਥੇਬੰਦੀਆਂ ਤੇ ਹਿੰਦੂ ਸੰਗਠਨਾਂ ਦੇ ਕਾਰਕੁਨਾਂ ਦਰਮਿਆਨ ਹੋਈ ਝੜੱਪ ਦੌਰਾਨ ਗੋਲੀ ਲੱਗਣ ਕਾਰਨ ਸਿੱਖ ਨੌਜਵਾਨ ਆਗੂ ਜ਼ਖਮੀ ਹੋ ਗਿਆ, ਜਿਸ ਦੀ ਪਛਾਣ ਬਲਵਿੰਦਰ ਸਿੰਘ ਵਾਸੀ ਪਿੰਡ ਪਿੰਡ ਅਜਨਾਲੀ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਜੋਂ ਹੋਈ। ਇਸ ਦੌਰਾਨ ਅਖਿਲ ਭਾਰਤੀ ਹਿੰਦੂ ਸੁਰੱਖਿਆ ਸਮਿਤੀ ਦੇ ਆਗੂ ਆਸ਼ੂਤੋਸ਼ ਗੌਤਮ ਤੇਜ਼ਧਾਰ ਹਥਿਆਰ ਲੱਗਣ ਕਾਰਨ ਜ਼ਖ਼ਮੀ ਹੋ ਗਏ।

## ਕੈਨੇਡੀਅਨ ਐਮ ਪੀਜ਼ ਵੱਲੋਂ ਰੂਸੀ ਹਮਲਿਆਂ ਨੂੰ ਨਸਲਕੁਸ਼ੀ ਕਰਾਰ...

ਸਫ਼ਾ 1 ਦੀ ਬਾਕੀ

ਉਨ੍ਹਾਂ ਤੋਂ ਇਕ ਦਿਨ ਪਹਿਲਾਂ ਅਮਰੀਕੀ ਰਾਸ਼ਟਰਪਤੀ ਜੋਏ ਬਾਇਡੇਨ ਨੇ ਯੂਕਰੇਨ ਵਿਚ ਹਮਲੇ ਲਈ ਇਸੇ ਸ਼ਬਦ ਦਾ ਜ਼ਿਕਰ ਕੀਤਾ ਸੀ। ਕੈਨੇਡੀਅਨ ਐਮਪੀਜ਼ ਨੇ ਹਾਲ ਹੀ ਵਿਚ ਚੀਨ ਦੇ ਉਈਗਰ ਮੁਸਲਮਾਨਾਂ ਨਾਲ ਵਿਵਹਾਰ ਨੂੰ ਨਸਲਕੁਸ਼ੀ ਕਰਾਰ ਦਿੱਤਾ ਸੀ ਪਰ ਟਰੂਡੋ ਨੇ ਵੋਟਿੰਗ ਵਿਚ ਹਿੱਸਾ ਨਹੀਂ ਸੀ ਲਿਆ। ਬੁੱਧਵਾਰ ਟਰੂਡੋ ਪ੍ਰਸ਼ਨ ਕਾਲ ਦੌਰਾਨ ਹਾਊਸ ਆਫ ਕਾਮਨਜ਼ ਵਿਚ ਮੌਜੂਦ ਸੀ ਪਰ ਇਹ ਗੱਲ ਸਪਸ਼ਟ ਨਹੀਂ ਕਿ ਉਹ ਇਸ ਬਾਰੇ ਮਤੇ 'ਤੇ ਵੋਟਿੰਗ ਸਮੇਂ ਉਥੇ ਮੌਜੂਦ ਸੀ ਜਾਂ ਨਹੀਂ।

## ਸ੍ਰੀਲੰਕਾ ਦੇ ਰਾਸ਼ਟਰਪਤੀ ਆਪਣੇ ਭਰਾ ਨੂੰ ਪ੍ਰਧਾਨ ਮੰਤਰੀ ਅਹੁਦੇ ਤੋਂ ਹਟਾਉਣ ਲਈ ਸਹਿਮਤ

ਕੋਲੰਬੋ-ਸ੍ਰੀਲੰਕਾ ਦੇ ਰਾਸ਼ਟਰਪਤੀ ਗੋਟਬਾਯਾ ਰਾਜਪਕਸ਼ੇ ਦੇਸ਼ ਵਿੱਚ ਚੱਲ ਰਹੇ ਆਰਥਿਕ ਸੰਕਟ ਕਾਰਨ ਆਪਣੇ ਭਰਾ ਮਹਿੰਦਾ ਰਾਜਪਕਸ਼ੇ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਹਟਾਉਣ ਲਈ ਸਹਿਮਤ ਹੋ ਗਏ ਹਨ।ਸੰਸਦ ਮੈਂਬਰ ਮੈਤਰੀਪਾਲਾ ਸਿਰੀਸੇਨਾ ਨੇ ਰਾਸ਼ਟਰਪਤੀ ਨਾਲ ਮੁਲਾਕਾਤ ਤੋਂ ਬਾਅਦ ਕਿਹਾ ਕਿ ਰਾਸ਼ਟਰਪਤੀ ਗੋਟਬਾਯਾ ਰਾਜਪਕਸ਼ੇ ਨੇ ਇਸ ਗੱਲ 'ਤੇ ਸਹਿਮਤੀ ਜਤਾਈ ਹੈ ਕਿ ਨਵੇਂ ਪ੍ਰਧਾਨ ਮੰਤਰੀ ਦੇ ਨਾਂ 'ਤੇ ਰਾਸ਼ਟਰੀ ਕੌਂਸਲ ਦੀ ਨਿਯੁਕਤੀ ਕੀਤੀ ਜਾਵੇਗੀ ਅਤੇ ਮੰਤਰੀ ਮੰਡਲ 'ਚ ਸਾਰੀਆਂ ਸਿਆਸੀ ਪਾਰਟੀਆਂ ਦੇ ਸੰਸਦ ਮੈਂਬਰ ਸ਼ਾਮਲ ਹੋਣਗੇ। ਰਾਜਪਕਸ਼ੇ ਤੋਂ ਪਹਿਲਾਂ ਸਿਰੀਸੇਨਾ ਰਾਸ਼ਟਰਪਤੀ ਸਨ।

## ਪਟਿਆਲਾ 'ਚ ਲਗਾਇਆ ਕਰਫਿਊ

ਪਟਿਆਲਾ-ਪਟਿਆਲਾ ਸ਼ਹਿਰ 'ਚ ਹਿੰਦੂ ਤੇ ਸਿੱਖ ਜਥੇਬੰਦੀਆਂ ਦੇ ਕਾਰਕੁਨਾਂ ਦਰਮਿਆਨ ਟਕਰਾਅ ਕਾਰਨ ਗੰਭੀਰ ਬਣੇ ਹਾਲਾਤ ਦੇ ਮੱਦੇਨਜ਼ਰ ਜ਼ਿਲ੍ਹਾ ਮੈਜਿਸਟ੍ਰੇਟ ਅਤੇ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਸ਼ਹਿਰ ਵਿੱਚ ਅੱਜ ਰਾਤ ਦਾ ਕਰਫਿਊ ਲਾ ਦਿੱਤਾ ਗਿਆ ਹੈ। ਜਾਰੀ ਹੁਕਮ ਅਨੁਸਾਰ ਸ਼ੁੱਕਰਵਾਰ ਸ਼ਾਮੀਂ ਸੱਤ ਵਜੇ ਤੋਂ ਲੈ ਕੇ ਸ਼ਨਿਚਰਵਾਰ ਸਵੇਰੇ ਛੇ ਵਜੇ ਤੱਕ ਕਰਫਿਊ ਜਾਰੀ ਰਹੇਗਾ।





WE HAVE MOVED TO BIGGER & BETTER LOCATION
#208-7110-120TH ST, SURREY

ICBC
NO WIN NO FEE
WE DO HOME & HOSPITAL VISITS

Your Lawyers, Because We Care

- Criminal Law
- Divorce Cases
- Immigration Law
- Notary Services

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM

# ਧੱਕੇਸ਼ਾਹੀ ਕਰਨ ਵਾਲਿਆਂ ਦੀ ਸੰਪਤੀ ਜ਼ਬਤ ਕਰਕੇ ਤੇ ਵੇਚ ਕੇ ਜੰਗ ਨਾਲ ਝੰਬੇ ਦੇਸ਼ਾਂ ਦੀ ਮਦਦ ਕਰਨੀ ਚਾਹੁੰਦਾ ਹੈ ਕੈਨੇਡਾ



ਓਟਵਾ-ਫੈਡਰਲ ਸਰਕਾਰ ਵੱਲੋਂ ਖੁਦ ਨੂੰ ਅਜਿਹੀਆਂ ਸ਼ਕਤੀਆਂ ਦੇਣ ਦੀ ਤਿਆਰੀ ਕੀਤੀ ਜਾ ਰਹੀ ਹੈ ਜਿਨ੍ਹਾਂ ਰਾਹੀਂ ਸਰਕਾਰ ਅਜਿਹੀ ਵਿਦੇਸ਼ੀ ਸੰਪਤੀ, ਜਿਸ ਉੱਤੇ ਪਹਿਲਾਂ ਤੋਂ ਹੀ ਪਾਬੰਦੀਆਂ ਲਾਈਆਂ ਗਈਆਂ ਹਨ,ਨੂੰ ਜ਼ਬਤ ਕਰ ਸਕੇ ਤੇ ਵੇਚ ਸਕੇ। ਸਰਕਾਰ ਚਾਹੁੰਦੀ ਹੈ ਕਿ ਇਸ ਤੋਂ ਹਾਸਲ ਹੋਣ ਵਾਲੇ ਸਰਮਾਏ ਨਾਲ ਉਨ੍ਹਾਂ ਦੇਸ਼ਾਂ ਦਾ ਪੁਨਰਨਿਰਮਾਣ ਕੀਤਾ ਜਾਵੇ ਜਿਨ੍ਹਾਂ ਨੂੰ ਨੁਕਸਾਨ ਹੋ ਰਿਹਾ ਹੈ ਤੇ ਇਸੇ ਸਰਮਾਏ ਵਿੱਚੋਂ ਜੰਗ ਦਾ ਸ਼ਿਕਾਰ ਹੋਏ ਵਿਅਕਤੀਆਂ ਦੀ ਮਦਦ ਵੀ ਕੀਤੀ ਜਾ ਸਕੇ। ਇਹ ਨੀਤੀਗਤ ਤਬਦੀਲੀ ਹੋਵੇਗੀ, ਲਿਬਰਲ ਪਹਿਲਾਂ ਹੀ ਇਹ ਦਰਸਾ ਚੁੱਕੇ ਹਨ ਕਿ ਬਿੱਲ ਪਾਸ ਹੋਣ ਉਪਰੰਤ ਯੂਕਰੇਨ ਉੱਤੇ ਰੂਸ ਵੱਲੋਂ ਕੀਤੇ ਗਏ ਹਮਲੇ ਦਰਮਿਆਨ ਜਿਨ੍ਹਾਂ ਰੂਸੀਆਂ ਉੱਤੇ ਪਾਬੰਦੀਆਂ ਲਾਈਆਂ ਗਈਆਂ ਹਨ ਉਨ੍ਹਾਂ ਖਿਲਾਫ ਉਹ ਇਸ ਦੀ ਵਰਤੋਂ ਕਰਨਗੇ। ਪ੍ਰਸਤਾਵਿਤ ਮਾਪਦੰਡਾਂ ਤਹਿਤ ਸਪੈਸ਼ਲ ਇਕਨੌਮਿਕ ਮੇਯਰਜ਼ ਐਕਟ ਨੂੰ ਅਪਡੇਟ ਕੀਤੇ ਜਾਣ ਤੋਂ ਬਾਅਦ ਫੈਡਰਲ ਸਰਕਾਰ ਨੂੰ ਇਹ ਇਜਾਜ਼ਤ ਹੋਵੇਗੀ ਕਿ ਉਹ ਉਸ ਸੂਰਤ ਵਿੱਚ ਆਰਥਿਕ ਮਾਪਦੰਡ ਲਿਆ ਸਕੇ ਜੇ ਕਿਤੇ ਕੌਮਾਂਤਰੀ ਸ਼ਾਂਤੀ ਤੇ ਸਕਿਊਰਿਟੀ ਦੀ ਉਲੰਘਣਾਂ ਹੋਈ ਹੋਵੇ, ਕਿਤੇ ਭ੍ਰਿਸ਼ਟਾਚਾਰ ਦਾ ਪਤਾ ਲੱਗੇ ਜਾਂ ਜਿੱਥੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋਈ ਹੋਵੇ। ਵਿਦੇਸ਼ ਮੰਤਰੀ ਮਿਲੇਨੀ ਜੋਲੀ ਨੇ ਆਖਿਆ ਕਿ ਇਸ ਐਕਟ ਵਿੱਚ ਤਬਦੀਲੀਆਂ ਰਾਹੀਂ ਅਸੀਂ ਅੱਜ ਨਾ ਸਿਰਫ ਕੈਨੇਡਾ ਨੂੰ ਇਹ ਸ਼ਕਤੀ ਦਿਵਾਉਣੀ ਚਾਹੁੰਦੇ ਹਾਂ ਕਿ ਉਹ ਸਬੰਧਤ ਦੇਸ਼ ਦੀ ਸੰਪਤੀ ਨੂੰ ਜ਼ਬਤ ਕਰ ਸਕੇ ਤੇ ਫਿਰ ਸਬੰਧਤ ਵਿਅਕਤੀਆਂ ਤੇ ਇਕਾਈਆਂ, ਜਿਨ੍ਹਾਂ ਉੱਤੇ ਪਾਬੰਦੀਆਂ ਲਾਈਆਂ ਗਈਆਂ ਹਨ, ਦੀ ਸੰਪਤੀ ਨੂੰ ਜ਼ਬਤ ਕਰਕੇ ਤੇ ਵੇਚ ਕੇ ਜੰਗ ਨਾਲ ਝੰਬੇ ਦੇਸ਼ਾਂ ਤੇ ਵਿਅਕਤੀਆਂ ਦੀ ਮਦਦ ਕਰ ਸਕੇ।

# ਬਿਨਾਂ ਨੋਟਿਸ ਹਾਊਸ ਦੀ ਕਾਰਵਾਈ ਮੁਲਤਵੀ ਕਰਨ ਲਈ ਲਿਬਰਲਾਂ ਵੱਲੋਂ ਮਤਾ ਪੇਸ਼



ਓਟਵਾ-ਲਿਬਰਲਾਂ ਵੱਲੋਂ ਦੇਰ ਰਾਤ ਤੱਕ ਚੱਲਣ ਵਾਲੀਆਂ ਹਾਊਸ ਸਿਟਿੰਗਜ਼ ਦੇ ਨਾਲ ਨਾਲ ਹਾਊਸ ਆਫ ਕਾਮਨਜ਼ ਦੀ ਕਾਰਵਾਈ ਨੂੰ ਬਿਨਾਂ ਨੋਟਿਸ ਸਾਲ ਦੇ ਅੰਤ ਤੱਕ ਮੁਲਤਵੀ ਕਰਨ ਲਈ ਮੰਤਰੀਆਂ ਨੂੰ ਸ਼ਕਤੀ ਦੇਣ ਸਬੰਧੀ ਮਤਾ ਪੇਸ਼ ਕੀਤਾ ਗਿਆ ਹੈ। ਇਸ ਤਰ੍ਹਾਂ ਦੀਆਂ ਤਬਦੀਲੀਆਂ ਸਬੰਧੀ ਮਤਾ ਸਰਕਾਰ ਦੇ ਹਾਊਸ ਲੀਡਰ ਮਾਰਕ ਹਾਲੈਂਡ ਵੱਲੋਂ ਪੇਸ਼ ਕੀਤਾ ਗਿਆ। ਸ਼ਡਿਊਲ ਮੁਤਾਬਕ ਮਈ ਦੇ ਅੰਤ ਵਿੱਚ ਇੱਕ ਹਫਤੇ ਦੀ ਛੁੱਟੀ ਤੋਂ ਇਲਾਵਾ ਹਾਊਸ ਨੂੰ ਜੂਨ 2023 ਤੱਕ ਸ਼ਡਿਊਲ ਕੀਤਾ ਜਾ ਸਕਦਾ ਹੈ। ਪਰ ਜੇ ਇਹ ਮਤਾ ਪਾਸ ਹੋ ਜਾਂਦਾ ਹੈ ਤਾਂ ਲਿਬਰਲ ਬਿਨਾਂ ਨੋਟਿਸ ਹਾਊਸ ਦੀ ਕਾਰਵਾਈ ਮੁਲਤਵੀ ਕਰਨ ਦਾ ਮਤਾ ਲਿਆ ਕੇ 19 ਸਤੰਬਰ, 2022 ਤੱਕ ਹਾਊਸ ਦੀ ਕਾਰਵਾਈ ਮੁਲਤਵੀ ਕਰ ਸਕਦੇ ਹਨ। ਇਸ ਮਤੇ ਉੱਤੇ ਬਹਿਸ ਕਰਵਾਉਣ ਲਈ ਵੀ ਕੋਈ ਸਮਾਂ ਨਹੀਂ ਦਿੱਤਾ ਜਾਵੇਗਾ ਤੇ ਇਸ ਉੱਤੇ ਤੁਰੰਤ ਵੋਟ ਕਰਵਾਈ ਜਾਵੇਗੀ। ਹਾਲਾਂਕਿ ਇਸ ਮਤੇ ਨੂੰ ਪਾਸ ਕਰਵਾਉਣ ਲਈ ਬਹੁਤੇ ਐਮਪੀਜ਼ ਵੱਲੋਂ ਇਸ ਦਾ ਸਮਰਥਨ ਕਰਨ ਦੀ ਹੀ ਉਮੀਦ ਹੈ।

# ਜਹਾਂਗੀਰਪੁਰੀ ਫਿਰਕੂ ਹਿੰਸਾ ਦਾ ਮੁਲਜ਼ਮ ਪੱਛਮੀ ਬੰਗਾਲ ਤੋਂ ਗ੍ਰਿਫ਼ਤਾਰ

ਨਵੀ ਦਿੱਲੀ-ਦਿੱਲੀ ਪੁਲੀਸ ਦੀ ਅਪਰਾਧ ਸ਼ਾਖਾ ਨੇ ਜਹਾਂਗੀਰਪੁਰੀ ਫਿਰਕੂ ਹਿੰਸਾ ਮਾਮਲੇ 'ਚ ਅਤਿ ਲੋੜੀਂਦੇ ਮੁਲਜ਼ਮ ਨੂੰ ਪੱਛਮੀ ਬੰਗਾਲ ਤੋਂ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮ ਦੀ ਪਛਾਣ ਫਰੀਦ ਉਰਫ਼ ਨੀਟੂ ਵਜੋਂ ਹੋਈ ਹੈ। ਪੁਲੀਸ ਦੇ ਸੂਤਰਾਂ ਨੇ ਦੱਸਿਆ, 'ਉਹ (ਫਰੀਦ) ਫਿਰਕੂ ਹਿੰਸਾ 'ਚ ਸਰਗਰਮੀ ਨਾਲ ਸ਼ਾਮਲ ਸੀ ਤੇ ਉਸ ਨੇ ਇਸ 'ਚ ਅਹਿਮ ਭੂਮਿਕਾ ਨਿਭਾਈ। ਸਾਡੀਆਂ ਕਈ ਟੀਮਾਂ ਪੱਛਮੀ ਬੰਗਾਲ ਗਈਆਂ ਤੇ ਅੱਜ ਉਸ ਨੂੰ ਤਮਲੁਕ ਪਿੰਡ ਵਿੱਚ ਉਸ ਦੀ ਰਿਸ਼ਤਦਾਰ ਮਹਿਲਾ ਦੇ ਘਰੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਉਸ ਨੂੰ ਅੱਜ ਉਡਾਣ ਰਾਹੀਂ ਦਿੱਲੀ ਲਿਆਂਦਾ ਗਿਆ ਹੈ।' ਉਨ੍ਹਾਂ ਦੱਸਿਆ ਕਿ ਦੰਗਿਆਂ ਮਗਰੋਂ ਮੁਲਜ਼ਮ ਮੌਕੇ ਤੋਂ ਭੱਜ ਗਿਆ ਸੀ। ਉਸ ਤੋਂ ਬਾਅਦ ਉਹ ਲਗਾਤਾਰ ਆਪਣੇ ਟਿਕਾਣੇ ਬਦਲ ਕੇ ਸਾਰੇ ਪੱਛਮੀ ਬੰਗਾਲ 'ਚ ਘੁੰਮਦਾ ਰਿਹਾ ਸੀ। ਉਨ੍ਹਾਂ ਦੱਸਿਆ ਕਿ ਮੁਲਜ਼ਮ ਖ਼ਿਲਾਫ਼ ਚੋਰੀ, ਝਪਟਮਾਰੀ, ਲੁੱਟ-ਖੋਹ ਸਮੇਤ ਛੇ ਕੇਸ ਪਹਿਲਾਂ ਹੀ ਦਰਜ ਹਨ। ਉਹ ਜਹਾਂਗੀਰਪੁਰੀ ਇਲਾਕੇ 'ਚ ਲੰਮੇ ਸਮੇਂ ਤੋਂ ਅਪਰਾਧਕ ਗਤੀਵਿਧੀਆਂ 'ਚ ਸ਼ਾਮਲ ਸੀ। ਜ਼ਿਕਰਯੋਗ ਹੈ ਕਿ 16 ਅਪਰੈਲ ਨੂੰ ਜਹਾਂਗੀਰਪੁਰੀ 'ਚ ਹਨੂੰਮਾਨ ਜੈਅੰਤੀ ਮੌਕੇ ਸ਼ੋਭਾ ਯਾਤਰਾ ਦੌਰਾਨ ਦੋ ਭਾਈਚਾਰਿਆਂ ਵਿਚਾਲੇ ਫਿਰਕੂ ਝੜਪ ਹੋ ਗਈ ਸੀ ਜਿਸ 'ਚ ਅੱਠ ਪੁਲੀਸ ਮੁਲਾਜ਼ਮਾਂ ਤੋਂ ਇਲਾਵਾ ਕੁਝ ਸਥਾਨਕ ਲੋਕ ਜ਼ਖ਼ਮੀ ਹੋ ਗਏ ਸਨ। ਪੁਲੀਸ ਅਨੁਸਾਰ ਇਸ ਦੌਰਾਨ ਪੱਥਰਬਾਜ਼ੀ ਹੋਈ ਤੇ ਕੁਝ ਵਾਹਨਾਂ ਨੂੰ ਅੱਗ ਵੀ ਲਾ ਦਿੱਤੀ ਗਈ ਸੀ। ਘਟਨਾ ਤੋਂ ਕੁਝ ਦਿਨ ਬਾਅਦ ਦਿੱਲੀ ਪੁਲੀਸ ਦੇ ਕਮਿਸ਼ਨਰ ਰਾਕੇਸ਼ ਅਸਥਾਨਾ ਨੇ ਐਨਫੋਰਸਮੈਂਟ ਡਾਇਰੈਕਟੋਰੇਟ ਨੂੰ ਕੇਸ ਦੇ ਮੁੱਖ ਮੁਲਜ਼ਮਾਂ ਖ਼ਿਲਾਫ਼ ਮਨੀ ਲਾਂਡਰਿੰਗ ਕਾਨੂੰਨ ਤਹਿਤ ਕੇਸ ਦਰਜ ਕਰਨ ਲਈ ਲਿਖਿਆ ਸੀ। ਪੁਲੀਸ ਨੇ ਇਸ ਕੇਸ 'ਚ ਪੰਜ ਮੁਲਜ਼ਮਾਂ ਖ਼ਿਲਾਫ਼ ਕੌਮੀ ਸੁਰੱਖਿਆ ਕਾਨੂੰਨ ਤਹਿਤ ਕੇਸ ਦਰਜ ਕੀਤੇ ਹਨ।

# ਕੋਵਿਡ ਦੇ ਨਵੇ 3337 ਮਾਮਲੇ ਸਾਹਮਣੇ ਆਏ

ਨਵੀਂ ਦਿੱਲੀ-ਭਾਰਤ ਵਿੱਚ ਇੱਕ ਦਿਨ ਵਿੱਚ ਕੋਵਿਡ-19 ਦੇ 3337 ਨਵੇਂ ਮਾਮਲੇ ਸਾਹਮਣੇ ਆਉਣ ਨਾਲ ਦੇਸ਼ ਵਿੱਚ ਹੁਣ ਵਾਇਰਸ ਪੀੜਤਾਂ ਦੀ ਗਿਣਤੀ ਵੱਧ ਕੇ 4,30,72,176 ਹੋ ਗਈ ਹੈ। ਕੇਂਦਰੀ ਸਿਹਤ ਮੰਤਰਾਲੇ ਵੱਲੋਂ ਜਾਰੀ ਅੰਕੜਿਆਂ ਮੁਤਾਬਕ ਭਾਰਤ ਚ ਕਰੋਨਾ ਕਾਰਨ 60 ਹੋਰ ਮਰੀਜ਼ਾਂ ਦੀ ਮੌਤ ਤੋਂ ਬਾਅਦ ਮਰਨ ਵਾਲਿਆਂ ਦੀ ਗਿਣਤੀ ਵਧ ਕੇ 5,23,753 ਹੋ ਗਈ ਹੈ।


ROHITA PANNU
LAW CORPORATION
BARRISTER & SOLICITOR






SERVICES

- ALL NOTARY PUBLIC
- WILLS & ESTATE
- RESIDENTIAL & COMMERCIAL
- REAL ESTATE BUYING & SELLING
- MORTGAGES
- DIVORCE/ FAMILY LAW

- ਨੋਟਰੀ ਸੇਵਾਵਾਂ
- ਵਸੀਅਤਨਾਮਾ
- ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ
- ਹਲਫੀਆ ਬਿਆਨ
- ਘਰਾਂ ਦੀ ਖਰੀਦੋ- ਫਰੋਖਤ
- ਮੋਰਟਗੇਜ਼
- ਤਲਾਕ (ਫੈਮਲੀ-ਲਾਅ)

Ph: 604.589.1399
Fax : 604.589.1556
www.rohitapannulaw.com
# 102-9278, 120th Street, Surrey, BC V3V 4W8

*We Can Help You Sell Your House!*
**Satvir Cheema**
**604-240-9148**

CENTURY 21 Coastal Realty Ltd.
#105-7928 128th St., Surrey, BC, V3W 4E8
satvir.cheema@century21.ca

PUNJAB LINK
# ਪੰਜਾਬ ਲਿੰਕ
ਸ਼ਨਿੱਚਰਵਾਰ, 30 ਅਪ੍ਰੈਲ, 2022
ਰਿਅਲ ਅਸਟੇਟ | REAL ESTATE
www.punjablinkpaper.com 604-503-5465

*For All Your Real Estate Needs*
**Amrik Cheema**
*PREC
**604-369-7000**
CENTURY 21 Coastal Realty Ltd.
#105-7928 128th St., Surrey, BC, V3W 4E8

info@amrikcheema.com

## ਮਾਲੇਰਕੋਟਲਾ ਡੀ.ਸੀ. ਦਫ਼ਤਰ ਦੇ ਗੇਟ ’ਤੇ ਚਾੜ੍ਹਿਆ ਖ਼ਾਲਿਸਤਾਨੀ ਬੈਨਰ ਤੇ ਝੰਡਾ




ਮਾਲੇਰਕੋਟਲਾ-ਇਥੇ ਡਿਪਟੀ ਕਮਿਸ਼ਨਰ ਦੇ ਦਫ਼ਤਰ ਜਾਣ ਲਈ ਮੁੱਖ ਸੜਕ ਤੋਂ ਦਫ਼ਤਰ ਦਾਖ਼ਲ ਹੋਣ ਵਾਲੇ ਗੇਟ ‘ਤੇ ਬੀਤੀ ਰਾਤ ਖ਼ਾਲਿਸਤਾਨੀ ਬੈਨਰ ਤੇ ਝੰਡਾ ਚਾੜ੍ਹ ਦਿੱਤਾ। ਪਤਾ ਲੱਗਦਿਆਂ ਹੀ ਪੁਲੀਸ ਨੇ ਝੰਡੇ ਅਤੇ ਬੈਨਰ ਨੂੰ ਕਬਜ਼ੇ ‘ਚ ਲੈ ਲਿਆ। ਬੈਨਰ ਉਪਰ ਪੰਜਾਬ ਹੱਲ ਖ਼ਾਲਿਸਤਾਨ, ਖ਼ਾਲਿਸਤਾਨ ਜ਼ਿੰਦਾਬਾਦ ਲਿਖਿਆ ਹੋਇਆ ਹੈ। ਇਸ ਸਬੰਧੀ ਸੋਸ਼ਲ ਮੀਡੀਆ ‘ਤੇ ਵਾਇਰਲ ਵੀਡੀਓ ਵਿੱਚ ਕੋਈ ਵਿਅਕਤੀ ਫ਼ਤਹਿ ਬੁਲਾਉਣ ਤੋਂ ਬਾਅਦ ਕਹਿ ਰਿਹਾ ਹੈ ਕਿ ਅੱਜ 29 ਅਪਰੈਲ ਨੂੰ ਖ਼ਾਲਿਸਤਾਨ ਐਲਾਮਨਾਮੇ ਦੇ ਦਿਹਾੜੇ ‘ਤੇ ਸਿੰਘਾਂ ਨੇ ਮਾਲੇਰਕੋਟਲਾ ਦੇ ਡਿਪਟੀ ਕਮਿਸ਼ਨਰ ਦੇ ਦਫ਼ਤਰ ‘ਤੇ ਖ਼ਾਲਿਸਤਾਨੀ ਝੰਡਾ ਅਤੇ ਕੇਸਰੀ ਨਿਸ਼ਾਨ ਸਾਹਿਬ ਚੜ੍ਹਾਇਆ ਹੈ।

# ਬੰਦੀ ਸਿੱਖਾਂ ਦੀ ਰਿਹਾਈ ਲਈ ਅੰਮ੍ਰਿਤਧਾਰੀ ਸਿੱਖ ਟਾਵਰ ਤੇ ਚੜਿਆ

ਮੋਗਾ-ਥਾਣਾ ਬਾਘਾਪੁਰਾਣਾ ਅਧੀਨ ਪਿੰਡ ਰੋਡੇ ਵਿੱਚ ਅਮ੍ਰਿਤਧਾਰੀ ਵਿਅਕਤੀ ਜੇਲ੍ਹਾਂ ਵਿੱਚ ਸਜ਼ਾ ਕੱਟ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ, ਜਗਤਾਰ ਸਿੰਘ ਹਵਾਰਾ ਨੂੰ ਪੰਜਾਬ ਦੀ ਜੇਲ੍ਹ ਵਿੱਚ ਤਬਦੀਲ ਕਰਨ ਅਤੇ ਸੂਬੇ ’ਚ ਧਾਰਮਿਕ ਗ੍ਰੰਥਾਂ ਦੀਆਂ ਬੇਅਦਬੀਆਂ ਰੋਕਣ ਲਈ ਕਾਨੂੰਨ ਦੀ ਮੰਗ ਨੂੰ ਲੈ ਕੇ ਟਾਵਰ ਉੱਤੇ ਚੜ੍ਹ ਗਿਆ ਹੈ। ਵੇਰਵਿਆਂ ਅਨੁਸਾਰ ਬਲਵਿੰਦਰ ਸਿੰਘ ਪਿੰਡ ਕੋਕਰੀ ਫੂਲਾ ਸਿੰਘ ਦਾ ਰਹਿਣ ਵਾਲਾ ਹੈ ਅਤੇ ਪਿੰਡ ਰੋਡੇ ਉਸ ਦਾ ਨਾਨਕਾ ਪਿੰਡ ਹੈ। ਉਹ ਅੱਜ ਤੜਕੇ 5 ਵਜੇ ਪਿੰਡ ਰੋਡੇ ਵਿਖੇ ਰਿਲਾਂਇਸ ਮੋਬਾਈਲ ਟਾਵਰ ਉੱਤੇ ਚੜ੍ਹ ਗਿਆ। ਟਾਵਰ ਉੱਤੇ ਕੇਸਰੀ ਝੰਡਾ ਲਗਾ ਕੇ ਬੈਠ ਗਿਆ ਹੈ। ਉਸਦਾ ਮੋਟਰਸਾਈਕਲ ਟਾਵਰ ਹੇਠ ਖੜ੍ਹਾ ਹੈ। ਮੋਟਰਸਾਈਕਲ ਉੱਤੇ ਖਾਲਸਾ ਏਡ ਦਾ ਸਟਿੱਕਰ ਲੱਗਾ ਹੈ। ਇਸ ਵਿਅਕਤੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਮ ਲਿਖੇ ਪੱਤਰ ਵਿੱਚ ਮੰਗਾਂ ਦਾ ਜ਼ਿਕਰ ਕੀਤਾ ਹੈ। ਇਸ ਤੋਂ ਅੱਗੇ ਬਾਪੂ ਸੂਰਤ ਸਿੰਘ ਦੀ ਘਰ ਵਾਪਸੀ ਬਾਰੇ ਵੀ ਕਿਹਾ ਹੈ।



## ਸਾਬਕਾ ਡੀ ਜੀ ਪੀ ਸੁਮੇਧ ਸੈਣੀ ਦੀ ਪੇਸ਼ਗੀ ਜ਼ਮਾਨਤ ਮਨਜ਼ੂਰ



ਮੁਹਾਲੀ- ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਵਿਜੀਲੈਂਸ ਬਿਊਰੋ ਵੱਲੋਂ ਵਿਵਾਦਿਤ ਕੋਠੀ ਦੀ ਖ਼ਰੀਦੋ-ਫ਼ਰੋਖ਼ਤ ਦੇ ਮਾਮਲੇ ਵਿੱਚ ਨਾਮਜ਼ਦ ਸੂਬੇ ਦੇ ਸਾਬਕਾ ਡੀਜੀਪੀ ਸੁਮੇਧ ਸੈਣੀ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਮਨਜ਼ੂਰ ਕਰ ਲਈ ਹੈ। ਉਂਜ ਸੁਣਵਾਈ ਦੌਰਾਨ ਸਰਕਾਰੀ ਅਤੇ ਬਚਾਅ ਪੱਖ ਦੇ ਵਕੀਲਾਂ ਦਰਮਿਆਨ ਤਿੱਖੀ ਬਹਿਸ ਹੋਈ। ਸੁਪਰੀਮ ਕੋਰਟ ਨੇ ਕੁਝ ਦਿਨ ਪਹਿਲਾਂ ਸਾਬਕਾ ਡੀਜੀਪੀ ਨੂੰ ਅਦਾਲਤਾਂ ਵੱਲੋਂ ਵੱਡੀਆਂ ਰਾਹਤ ਦੇਣ ਦਾ ਗੰਭੀਰ ਨੋਟਿਸ ਲੈਂਦਿਆਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੂੰ ਸਾਰੇ ਮਾਮਲਿਆਂ ਨੂੰ ਮੁੜ ਵਾਚਣ ਲਈ ਕਿਹਾ ਸੀ। ਸਿਖਰਲੀ ਅਦਾਲਤ ਦੇ ਨਿੱਜੀ ਦਖ਼ਲ ਮਗਰੋਂ ਪੰਜਾਬ ਪੁਲੀਸ ਅਤੇ ਵਿਜੀਲੈਂਸ ਨੇ ਸੈਣੀ ਵਿਰੁੱਧ ਚੱਲ ਰਹੇ ਪੁਰਾਣੇ ਕੇਸਾਂ ਦੀਆਂ ਫਾਈਲਾਂ ਤੋਂ ਮਿੱਟੀ ਝਾੜਨੀ ਸ਼ੁਰੂ ਕੀਤੀ ਸੀ। ਸਾਬਕਾ ਡੀਜੀਪੀ ਨੇ ਪੁਰਾਣੇ ਕੇਸ ਵਿੱਚ ਆਪਣੀ ਗ੍ਰਿਫ਼ਤਾਰੀ ਦਾ ਖ਼ਦਸ਼ਾ ਪ੍ਰਗਟ ਕਰਦਿਆਂ ਅਦਾਲਤ ਦਾ ਰੁਖ਼ ਕੀਤਾ ਸੀ।

**Offering Services For All Your Business and Real Estate Needs**

- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes

HUGHES & COMPANY LAW CORPORATION

www.hughesco.com CEDRIC HUGHES
**604.602.1828**
*HEAD OFFICE:*
**VANCOUVER**
**505-777 W. BROADWAY**

SUNNY SANGHA • PERSONAL REAL ESTATE CORPORATION

### 14317 31A AVENUE




**$4,488,000**

Architectural elegance at its finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call us now to book your private showing!

### 9858 HUCKLEBERRY DRIVE




Welcome to Fraser Height's newest sub-division. This 3684 sqft lot is ready to build, the plans should be ready to pick up from the city in a few weeks. The home will include 7 bedrooms 6 bathrooms with a media room and a bar area for your own use downstairs. The total square footage for the home will be 3922 plus a garage. Call now to get more info.


Sunny Sangha
604-356-5555
SUNNY SANGHA
Personal Real Estate Corporation
CENTURY 21 Coastal Realty Ltd.
MLS MEDALLION CLUB MEMBER
Ram Johal
604-356-5555

www.sunnysangha.com | info@sunnysangha.com




# ਵੈਨਕੂਵਰ ਵਿਚਾਰ ਮੰਚ ਵੱਲੋਂ ਕਰਵਾਏ ਵਿਸਾਖੀ ਕਵੀ ਦਰਬਾਰ ਵਿਚ ਸ਼ਾਇਰਾਂ ਨੇ ਦਿਲਕਸ਼ ਰੰਗ ਬੰਨ੍ਹਿਆਂ

ਸਰੀ, (ਹਰਦਮ ਮਾਨ)-ਵੈਨਕੂਵਰ ਵਿਚਾਰ ਮੰਚ ਵੱਲੋਂ ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ ਦੇ ਸਹਿਯੋਗ ਨਾਲ ਦੂਜਾ ਵਿਸਾਖੀ ਕਵੀ ਦਰਬਾਰ ਕਰਵਾਇਆ ਗਿਆ ਜਿਸ ਵਿਚ ਸਰੀ, ਨੌਰਥ ਵੈਨਕੂਵਰ, ਕੋਕੁਇਟਲਮ, ਬਰਨਬੀ ਦੇ ਸ਼ਾਇਰਾਂ ਨੇ ਆਪਣੀਆਂ ਖ਼ੂਬਸੂਰਤ ਕਾਵਿ ਵੰਨਗੀਆਂ ਦੀ ਪੇਸ਼ਕਾਰੀ ਨਾਲ ਦਿਲਕਸ਼ ਮਾਹੌਲ ਸਿਰਜਿਆ। ਨਾਮਵਰ ਸਾਹਿਤਕਾਰ ਮਰਹੂਮ ਜੋਗਿੰਦਰ ਸ਼ਮਸ਼ੇਰ ਨੂੰ ਸਮਰਪਿਤ ਇਸ ਕਵੀ ਦਰਬਾਰ ਦੀ ਸ਼ੁਰੂਆਤ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਉਪਰੰਤ ਹੋਈ। ਮੰਚ ਦੇ ਬੁਲਾਰੇ ਅਤੇ ਪ੍ਰਸਿੱਧ ਆਰਟਿਸਟ ਜਰਨੈਲ ਸਿੰਘ ਨੇ ਸਭਨਾਂ ਸ਼ਾਇਰਾਂ, ਸਰੋਤਿਆਂ ਦਾ ਸਵਾਗਤ ਕਰਦਿਆਂ ਦੱਸਿਆ ਕਿ ਵੈਨਕੂਵਰ ਵਿਚਾਰ ਵੱਲੋਂ ਸ੍ਰੀ ਗੁਰੂ ਨਾਨਕ ਜੀ ਦੇ 'ਕਿਛ ਸੁਣੀਐ ਕਿਛ ਕਹੀਐ ਫਲਸਫ਼ੇ ਤਹਿਤ ਵਿਚਾਰ ਚਰਚਾ, ਰੂਬਰੂ ਪ੍ਰੋਗਰਾਮ ਅਤੇ ਸਾਹਿਤਕ ਸਮਾਗਮ ਕਰਵਾਏ ਜਾਂਦੇ ਹਨ। ਵਿਸਾਖੀ ਕਵੀ ਦਰਬਾਰ ਦੀ ਸ਼ੁਰੂਆਤ ਤਿੰਨ ਸਾਲ ਪਹਿਲਾਂ ਕੀਤੀ ਗਈ ਸੀ ਪਰ ਕੋਰੋਨਾ ਕਾਲ ਵਿਚ ਇਹ ਕਵੀ ਦਰਬਾਰ ਨਹੀਂ ਸੀ ਹੋ ਸਕਿਆ ਅਤੇ ਅੱਜ ਲੰਬੇ ਅਰਸੇ ਬਾਅਦ ਇਸ ਲੜੀ ਨੂੰ ਅੱਗੇ ਤੋਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਕਵੀ ਦਰਬਾਰ ਦੇ ਸੰਚਾਲਕ ਮੋਹਨ ਗਿੱਲ ਨੇ ਪ੍ਰਸਿੱਧ ਸਾਰੰਗੀ ਵਾਦਕ, ਸ਼ਾਇਰ ਚਮਕੌਰ ਸੇਖੋਂ ਅਤੇ ਰਾਜ ਸਿੱਧੂ ਦੀ ਕਵੀਸ਼ਰੀ ਨਾਲ ਕਾਵਿਕ ਦੌਰ ਦਾ ਆਗਾਜ਼ ਕੀਤਾ। ਸੇਖੋਂ ਅਤੇ ਸਿੱਧੂ ਨੇ ਗੁਰੂ ਗੋਬਿੰਦ ਸਿੰਘ ਜੀ ਦੇ 'ਆਪੇ ਗੁਰ ਚੇਲਾ' ਦੇ ਮਹਾਨ ਇਨਕਲਾਬੀ ਕਦਮ ਨੂੰ ਆਪਣੀ ਕਵੀਸ਼ਰੀ ਵਿਚ ਬੰਨ੍ਹਿਆ। ਉਪਰੰਤ ਨਰਿੰਦਰ ਬਾਹੀਆ, ਹਰਸ਼ਰਨ ਕੌਰ, ਹਰਚੰਦ ਸਿੰਘ ਬਾਗੜੀ, ਅਮਨ ਸੀ ਸਿੰਘ, ਜਰਨੈਲ ਸਿੰਘ ਸੇਖਾ, ਪ੍ਰੀਤ ਮਨਪ੍ਰੀਤ, ਬਿੰਦੂ ਮਠਾੜੂ, ਰਾਜਵੰਤ ਰਾਜ, ਨਦੀਮ ਪਰਮਾਰ, ਦਰਸ਼ਨ ਸੰਘਾ, ਦਵਿੰਦਰ ਗੌਤਮ, ਮੋਹਨ ਗਿੱਲ, ਅਮਰੀਕ ਪਲਾਹੀ, ਮੀਨੂੰ ਬਾਵਾ, ਹਰਦਮ ਮਾਨ, ਹਰਦੀਪ ਦੀਪ, ਗੁਰਦੀਪ ਭੁੱਲਰ, ਮਾਇਆ ਬੇਦੀ ਨੇ ਆਪਣੇ ਗੀਤਾਂ, ਗ਼ਜ਼ਲਾਂ, ਨਜ਼ਮਾਂ, ਸ਼ਿਅਰਾਂ ਰਾਹੀਂ ਕਾਵਿ-ਮਹਿਫ਼ਿਲ ਨੂੰ ਸ਼ਿੰਗਾਰਿਆ। ਬਲਦੇਵ ਬਾਠ, ਸ਼ਬਨਮ ਮੱਲ੍ਹੀ, ਅਜਮੇਰ ਰੋਡੇ ਅਤੇ ਭੁਪਿੰਦਰ ਮੱਲ੍ਹੀ ਨੇ ਵੀ ਆਪਣੇ ਕਾਵਿਕ ਖ਼ਿਆਲਾਂ ਦਾ ਇਜ਼ਹਾਰ ਕੀਤਾ। ਕਵੀ ਦਰਬਾਰ ਦੀ ਸਮਾਪਤੀ ਵੀ ਕਵੀਸ਼ਰੀ ਰੰਗ ਨਾਲ ਹੋਈ ਜਿਸ ਵਿਚ ਬਿੱਲਾ ਤੱਖੜ ਤੇ ਗੁਰਨਾਮ ਸਿੰਘ ਥਾਂਦੀ ਨੇ ਢੱਡ ਸਾਰੰਗੀ ਨਾਲ 'ਸੰਦਲੀ ਪੈੜਾਂ ਕਰ ਗਿਆ ਕੋਈ ਸਾਡੇ ਵਿਹੜੇਂ' ਗਾ ਕੇ ਸਾਰੇ ਸ਼ਾਇਰਾਂ, ਸਰੋਤਿਆਂ ਦੀ ਆਮਦ ਨੂੰ ਸਿਜਦਾ ਕੀਤਾ। ਕਵੀ ਦਰਬਾਰ ਦਾ ਵਿਸ਼ੇਸ਼ ਪੱਖ ਇਹ ਰਿਹਾ ਕਿ ਰੰਗਮੰਚ ਕਾਲਾਕਰ ਗੁਰਦੀਪ ਭੁੱਲਰ ਵੱਲੋਂ ਸਟੇਜ ਉੱਪਰ ਇਕ ਪੇਂਡੂ ਕਿਸਾਨੀ ਘਰ ਦਾ ਮਾਹੌਲ ਸਾਕਾਰ ਕੀਤਾ ਗਿਆ ਸੀ ਜਿੱਥੇ



ਚਾਟੀ ਵਿਚ ਮਧਾਣੀ, ਚੱਕੀ, ਚੁੱਲ੍ਹੇ ਤੇ ਪਿਆ ਪਤੀਲਾ, ਵਿਹੜੇ ਵਿਚ ਡਾਹਿਆ ਸੂਤ ਦਾ ਮੰਜਾ, ਇਕ ਪਾਸੇ ਖੜ੍ਹੀ ਪੱਠਿਆਂ ਵਾਲੀ ਗੱਡੀ, ਕੱਚੀ ਕੰਧ ਤੇ ਸੁਆਣੀ ਵੱਲੋਂ ਕੱਢੀ ਗਈ ਤੋਈ ਵੇਖ ਇਉਂ ਮਹਿਸੂਸ ਹੋ ਰਿਹਾ ਸੀ ਜਿਵੇ ਪੰਜਾਬ ਦੇ ਕਿਸੇ ਪਿੰਡ ਵਿਚ ਕਵਿਤਾਵਾਂ ਦੇ ਫੁੱਲ ਮਹਿਕ ਰਹੇ ਹੋਣ। ਅੰਤ ਵਿਚ ਮੋਹਨ ਗਿੱਲ ਨੇ ਸਾਰੇ ਸ਼ਾਇਰਾਂ, ਮਹਿਮਾਨਾਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ। ਉਨ੍ਹਾਂ ਬਲਦੇਵ ਬਾਠ ਵੱਲੋਂ ਚਾਹ, ਸਨੈਕਸ ਦਾ ਪ੍ਰਬੰਧ ਕਰਨ ਲਈ ਵਿਸ਼ੇਸ਼ ਧੰਨਵਦਾ ਕਰਦਿਆਂ ਕਿਹਾ ਕਿ ਉਹ ਹਮੇਸ਼ਾ ਸਮਾਜਿਕ, ਸਾਹਿਤਕ ਕਾਰਜਾਂ ਲਈ ਯੋਗਦਾਨ ਪਾਉਂਦੇ ਹਨ।

# ਜਗਦੀਸ਼ ਟਾਇਟਲ ਦੀ ਸੋਨੀਆ ਨਾਲ ਮੁਲਾਕਾਤ ਦਾ ਭਾਜਪਾ ਵੱਲੋਂ ਵਿਰੋਧ

ਨਵੀਂ ਦਿੱਲੀ-1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮੁਲਜ਼ਮ ਜਗਦੀਸ਼ ਟਾਈਟਲਰ ਦੀ ਕੌਮੀ ਰਾਜਧਾਨੀ ਵਿੱਚ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨਾਲ ਮੁਲਾਕਾਤ ਤੋਂ ਬਾਅਦ ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਭੜਕ ਉੱਠੇ। ਬੀਤੇ ਮਹੀਨਿਆਂ ਤੋਂ ਜਗਦੀਸ਼ ਟਾਈਟਲਰ ਦਿੱਲੀ ਪ੍ਰਦੇਸ਼ ਕਾਂਗਰਸ ਦੇ ਸਮਾਗਮਾਂ ਵਿੱਚ ਵੀ ਸਰਗਰਮ ਨਜ਼ਰ ਆ ਰਹੇ ਹਨ ਜਦਕਿ ਕੁਝ ਸਾਲ ਪਹਿਲਾਂ ਤੱਕ ਟਾਈਟਲਰ ਨੂੰ ਨੁੱਕਰੇ ਲਾਇਆ ਗਿਆ ਸੀ। ਟਾਈਟਲਰ ਦੇ ਸ੍ਰੀਮਤੀ ਗਾਂਧੀ ਨਾਲ ਮੁਲਾਕਾਤ ਦੇ ਵੇਰਵੇ ਤਾਂ ਸਾਹਮਣੇ ਨਹੀਂ ਆਏ ਪਰ ਮੰਨਿਆ ਜਾ ਰਿਹਾ ਹੈ ਕਿ ਕਾਂਗਰਸ ਦੇ ਕੌਮੀ ਪੱਧਰ 'ਤੇ ਹਾਸ਼ੀਏ 'ਤੇ ਜਾਣ ਕਾਰਨ ਸੀਨੀਅਰ ਕਾਂਗਰਸੀ ਆਗੂਆਂ ਵਿੱਚ ਨਿਰਾਸ਼ਾ ਪਾਈ ਜਾ ਰਹੀ ਹੈ। ਇਸ ਕਾਰਨ ਟਕਸਾਲੀ ਕਾਂਗਰਸੀ ਆਗੂ ਹੁਣ ਮੁੜ ਸਰਗਰਮ ਹੋਣ ਲੱਗੇ ਹਨ। ਮੀਡੀਆ ਨਾਲ ਗੱਲ ਕਰਦਿਆਂ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਇਹ ਵਰਤਾਰਾ ਕਾਂਗਰਸ ਦਾ ਸਿੱਖਾਂ ਤੇ ਪੂਰੇ ਪੰਜਾਬ ਪ੍ਰਤੀ ਮਾਨਸਿਕਤਾ ਨੂੰ ਦਰਸਾਉਂਦਾ ਹੈ ਕਿਉਂਕਿ ਟਾਈਟਲਰ ਦੀ ਸਿੱਖ ਕਤਲੇਆਮ ਵਿਚ ਮੋਹਰੀ ਭੂਮਿਕਾ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਸ ਸਬੰਧੀ ਗਾਂਧੀ ਪਰਿਵਾਰ ਨੇ ਕਦੇ ਮੁਆਫ਼ੀ ਨਹੀਂ ਮੰਗੀ। ਪੰਜਾਬ ਭਾਜਪਾ ਪ੍ਰਧਾਨ ਨੇ ਕਿਹਾ ਕਿ ਇਸ ਤੋਂ ਕਾਂਗਰਸ ਦੀ ਪੰਜਾਬ ਪ੍ਰਤੀ ਮਾਨਸਿਕਤਾ ਦਾ ਪਤਾ ਲੱਗਦਾ ਹੈ। ਹੁਣ ਇਹ ਸਪਸ਼ਟ ਹੋ ਗਿਆ ਹੈ ਕਿ ਕਾਂਗਰਸ ਦਾ ਉਸ ਵਿਅਕਤੀ ਨਾਲ ਕਿੰਨਾ ਪਿਆਰ ਹੈ ਜਿਸ ਦਾ ਨਾਂ 1984 ਦੇ ਕਤਲੇਆਮ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬੀਆਂ ਦਾ ਕਤਲੇਆਮ ਹੋਇਆ ਅਤੇ ਸਿੱਖ ਭਰਾਵਾਂ ਨੂੰ ਇਸ ਦਾ ਖਮਿਆਜ਼ਾ ਭੁਗਤਣਾ ਪਿਆ।


AVERAGE HOME VALUES ARE INCREASING IN YOUR AREA

FIND OUT WHAT YOUR HOME IS WORTH NOW!



SARBAT REAL ESTATE SERVICES LTD.

BUY OR SELL... MAY EVERYONE PROSPER



Mandeep Rai PREC*
(604) 300-7724
mrai@mandeeprai.ca

Prabhjot Kaur
(236) 332-4443
soldbyprabhjot@gmail.com

www.sarbatrealestate.com

**14339 60 Avenue** **$2,100,000**




DEVELOPMENT POTENTIAL with this 9,463 sqft lot since this and the neighbour two properties are already surrounded by townhouse developments on each side! The current home on the property is a gorgeous 2 storey w/basement with beautiful Newer kitchen, oak hardwood flooring, built-in hardwood cabinetry throughout, and more! 2 big bedrooms up, bedroom on main, and another in the basement. Finished basement w/separate entry. Super private fenced yard with 3 decks one is fully covered! Won't last!

**308 3768 Hastings St.** **$549,999**




Welcome to this beautiful corner unit with great daylight exposure. Great convenience in one of Burnaby's hottest neighbourhoods, the HEIGHTS. This spacious North East facing CORNER suite is a steal! Featuring this secured building w one parking, one storage locker and convenient services on 1st floor. Plus in-suite laundry with dark engineered floors & large balcony. On direct bus route to downtown. Perfect for an investor, first time buyer or the downsizer who needs to be close to the city without the high traffic of Downtown. Amazing investment property to hold, or move in and enjoy this much loved neighbourhood. 15 min to Downtown, 10 min to Brentwood, close to BCIT walk to PNE & shops/restaurants/cafes.

**#603 11910 80 Ave** **$425,000**




Popular Chancellor Place! Welcome to North Delta's concrete high rise. This large (1387 sqft ) corner & Bright two bedroom offers breathtaking views east to the South side, Mountains and stunning Sunrises! A well maintained unit in a well maintained proactive complex with lots of social activities including exercise room, activity/meeting room and indoor heated pool. A super convenient location within a short distance to shopping, transit, banks, pubs & restaurants. So many pluses in a worry free with secure underground parking plus 2 storage locker included.

**7170 129A Street** **$1,485,000**




Amazing location! Welcome to this beautiful house in the heart of Newton. This one features 3 bedrooms, perfect for growing family including one bedroom unauthorized suite. A quiet & private yard to enjoy summers. Renovated in 2018 with New paint, Appliances and kitchen Counter tops. Being a central location it is close to all the amenities like transit, shopping and schools. Come by for Open house on Jan 29 & 30, 2-4 pm by appointment and make this beautiful home your dream home.

**11451 95 Avenue** **$1,295,000**




Lovely well maintained 3 bedroom rancher located in Annieville, minutes to schools and transportation routes into the city. 7590 square foot lot with 66' of frontage. Occupy or rent out while you are planning your new home. Showings start November 20. Showings times will be Saturday 1-4:30 by appointment and Sunday November 21, 1-4pm OPEN HOUSE by appt. November 22, 23 and 24 by appt only. Offers will be considered the morning of Thursday November 25. Call for full details on property.

**7622 140 Street** **$1,475,000**




Residential Detached 6 bedrooms: 5 full baths: 3,400 sqft house sitting on 7200 sqft rectangular lot, Recently added with all professionals renovations. Huge Master bedroom with ensuite and walk-in-closet. Professionals work 3 basement unauthorized suits 1 bedroom each for additional Rental Income. Close to Elementary & Secondary schools, Parks, Surrey Temple, Transit, Recreation center and much more. Keep it as an investment or live in.

**#111 - 13628 81A Ave.** **$425,000**




Condo for Sale In Surrey

**8296 153B Street** **$1,830,000**




Location! Location!Location! Welcome to this gorgeous home in a nice and quiet Fleetwood neighbourhood. This home features 2 storey With 8 bedrooms including 2+2 bed rental Suites. Master bedroom with full ensuite & huge walk in closet. A skylight over the staircase. 2 storage sheds. Quick access to highways. Walk to Fleetwood Park Secondary School and Elementary School and close to shopping, library, community centre, parks, golf, bus stop and other amenities.

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES & COMPANY LAW CORPORATION
www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★
**4.9 STAR**
**Google**
**REVIEW !**

**Link!**
**hughesco.com**
*for reviews*

# 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY ***(BY APPOINTMENT PLEASE)***
Email: cedric_hughes@hughesco.com

***AND*** *Service provided at Business Centres throughout the Fraser Valley and British Columbia.*

***Remote Location? No Problem. We will come to you !***



# ਇੰਡੋ ਕੈਨੇਡੀਅਨ ਸੀਨੀਅਰ ਸੈਂਟਰ ਨੇ ਕਰਵਾਇਆ ਮਹੀਨਾਵਾਰ ਕਵੀ ਦਰਬਾਰ

ਸਰੀ (ਹਰਦਮ ਮਾਨ)-ਇੰਡੋ ਕਨੇਡੀਅਨ ਸੀਨੀਅਰ ਸੈਂਟਰ ਸਰੀ-ਡੈਲਟਾ ਦਾ ਮਹੀਨਾਵਾਰ ਕਵੀ ਦਰਬਾਰ ਹਰਪਾਲ ਸਿੰਘ ਬਰਾੜ ਦੀ ਪ੍ਰਧਾਨਗੀ ਹੇਠ ਕਰਵਾਇਆ ਗਿਆ। ਇਸ ਕਵੀ ਦਰਬਾਰ ਵਿਚ ਮਾਸਟਰ ਮਲਕੀਤ ਸਿੰਘ ਗਿੱਲ, ਦਵਿੰਦਰ ਕੌਰ ਜੌਹਲ, ਦਰਸ਼ਨ ਸਿੰਘ ਅਟਵਾਲ, ਅਮਰੀਕ ਸਿੰਘ ਲੇਹਲ, ਹਰਚੰਦ ਸਿੰਘ ਗਿੱਲ, ਰਵਿੰਦਰ ਕੌਰ ਸ, ਗੁਰਦਿਆਲ ਸਿੰਘ ਜੌਹਲ, ਸੁਰਜੀਤ ਸਿੰਘ ਗਿੱਲ, ਬੇਅੰਤ ਸਿੰਘ ਢਿੱਲੋਂ, ਤਜਿੰਦਰ ਕੌਰ ਬੈਂਸ, ਪਵਿੱਤਰ ਕੌਰ ਬਰਾੜ, ਪ੍ਰਿੰਸੀਪਲ ਮਲੂਕ ਚੰਦ ਕਲੇਰ, ਰਣਜੀਤ ਸਿੰਘ ਨਿੱਝਰ,ਵੀਤ ਬਾਦਸ਼ਾਹਪੁਰੀ, ਜਰਨੈਲ ਸਿੰਘ ਪਨੇਸਰ, ਗੁਰਦਰਸ਼ਨ ਸਿੰਘ ਤਤਲਾ, ਗੁਰਮੀਤ ਕਾਲਕਟ, ਸਵਰਨ ਸਿੰਘ ਚਾਹਲ, ਗੁਰਮੀਤ ਸਿੰਘ ਸੇਖੋਂ ਆਦਿ ਕਵੀਆਂ ਨੇ ਖ਼ੂਬ ਰੰਗ ਬੰਨ੍ਹਿਆਂ। ਇਸ ਮੌਕੇ ਗੁਰਦਸ਼ਨ ਸਿੰਘ ਤਤਲਾ ਨੇ ਆਪਣੇ ਪਿਤਾ ਦੀ ਲਿਖੀ ਕਿਤਾਬ ਕਲਮੀ ਯਾਦਾਂ ਦੀਆਂ ਦੋ ਕਾਪੀਆਂ ਸੀਨੀਅਰ ਸੈਂਟਰ ਨੂੰ ਭੇਟ ਕੀਤੀਆਂ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਹਰਚੰਦ ਸਿੰਘ ਗਿੱਲ ਨੇ ਨਿਭਾਈ। ਅੰਤ ਵਿਚ ਪ੍ਰਧਾਨ ਹਰਪਾਲ ਸਿੰਘ ਬਰਾੜ ਨੇ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਵਿਸ਼ੇਸ਼ ਤੌਰ ਤੇ ਅਪੀਲ ਕੀਤੀ ਕਿ ਭਵਿੱਖ ਵਿਚ ਹਰ ਮਹੀਨੇ ਦੇ ਆਖਰੀ ਐਤਵਾਰ ਕਵੀ ਦਰਬਾਰ ਠੀਕ 12.30 ਵਜੇ ਸ਼ੁਰੂ ਹੋ ਜਾਇਆ ਕਰੇਗਾ।

# ਫਰੀਡਮ ਕੌਨਵੌਏ ਖ਼ਿਲਾਫ਼ ਐਮਰਜੰਸੀ ਐਕਟ ਦੀ ਵਰਤੋਂ ਲਈ ਸਰਕਾਰ ਨੇ ਇਨਕੁਆਰੀ ਕਰਵਾਉਣ ਦਾ ਕੀਤਾ ਐਲਾਨ

ਓਟਵਾ-ਸਰਕਾਰ ਵੱਲੋਂ ਐਮਰਜੰਸੀ ਐਕਟ ਦੀ ਵਰਤੋਂ ਦਾ ਪੱਖ ਪੂਰਦਿਆਂ ਹੋਇਆਂ ਫੈਡਰਲ ਮੰਤਰੀਆਂ ਵੱਲੋਂ ਇਸ ਸਾਲ ਦੇ ਸ਼ੁਰੂ ਵਿੱਚ ਫਰੀਡਮ ਕੌਨਵੌਏ ਵੱਲੋਂ ਕੈਨੇਡੀਅਨ ਸਰਹੱਦਾਂ ਉੱਤੇ ਲਾਏ ਗਏ ਬਲਾਕੇਡਜ਼ ਨੂੰ ਖ਼ਤਮ ਕਰਨ ਲਈ ਲਿਆਂਦੇ ਗਏ ਐਮਰਜੰਸੀ ਐਕਟ ਦੀ ਜਾਂਚ ਲਈ ਸੋਮਵਾਰ ਨੂੰ ਆਜ਼ਾਦਾਨਾ ਜਨਤਕ ਇਨਕੁਆਰੀ ਕਰਵਾਉਣ ਦਾ ਐਲਾਨ ਕੀਤਾ ਗਿਆ। ਇਤਿਹਾਸ ਵਿੱਚ ਪਹਿਲੀ ਵਾਰੀ 14 ਫਰਵਰੀ ਨੂੰ ਲਿਬਰਲ ਸਰਕਾਰ ਨੇ ਇਸ ਐਕਟ ਤਹਿਤ ਐਮਰਜੰਸੀ ਦਾ ਐਲਾਨ ਕੀਤਾ। ਇਸ ਤੋਂ ਬਾਅਦ ਸਰਹੱਦਾਂ ਉੱਤੇ ਲਾਏ ਗਏ ਬਲਾਕੇਡਜ਼ ਨੂੰ ਹਟਾਉਣ ਲਈ ਪੁਲਿਸ ਨੂੰ ਆਰਜ਼ੀ ਤੌਰ ਉੱਤੇ ਵਾਧੂ ਸ਼ਕਤੀਆਂ ਦੇ ਦਿੱਤੀਆਂ ਗਈਆਂ ਤੇ ਇਸ ਦੇ ਨਾਲ ਹੀ ਫਰੀਡਮ ਕੌਨਵੌਏ ਵਿੱਚ ਸ਼ਾਮਲ ਕੁੱਝ ਵਿਅਕਤੀਆਂ ਦੇ ਖਾਤੇ ਫਰੀਜ਼ ਕਰਨ ਦੇ ਹੁਕਮ ਵੀ ਬੈਂਕਾਂ ਨੂੰ ਦੇ ਦਿੱਤੇ ਗਏ। ਇਸ ਐਮਰਜੰਸੀ ਐਕਟ ਦੇ ਐਲਾਨ ਤੋਂ ਬਾਅਦ ਪੁਲਿਸ ਨੂੰ ਹਾਸਲ ਹੋਈਆਂ ਆਰਜ਼ੀ ਸ਼ਕਤੀਆਂ ਦਾ ਮਤਲਬ ਇਹ ਸੀ ਕਿ ਮੁਜ਼ਾਹਰਾਕਾਰੀਆਂ ਤੇ ਉਨ੍ਹਾਂ ਦੇ ਸਮਰਥਕਾਂ ਨੂੰ 5000 ਡਾਲਰ ਤੱਕ ਦੇ ਜੁਰਮਾਨੇ ਜਾਂ ਪੰਜ ਸਾਲ ਦੀ ਕੈਦ ਦਾ ਸਾਹਮਣਾ ਕਰਨਾ ਪੈ ਸਕਦਾ ਸੀ। ਪਬਲਿਕ ਸੇਫਟੀ ਮੰਤਰੀ ਮਾਰਕੋ ਮੈਂਡੀਸਿਨੋ ਨੇ ਆਖਿਆ ਕਿ ਇਹ ਫੈਸਲਾ ਬਹੁਤ ਹੀ ਜ਼ਰੂਰੀ ਸੀ, ਅਜਿਹਾ ਕਰਨਾ ਬਿਲਕੁਲ ਠੀਕ ਸੀ। ਐਮਰਜੰਸੀ ਐਕਟ ਤਹਿਤ ਇਹ ਪ੍ਰਬੰਧ ਹੈ ਕਿ ਸਰਕਾਰ ਇਸ ਐਕਟ ਨੂੰ ਲਾਗੂ ਕਰਨ ਤੋਂ 60 ਦਿਨਾਂ ਦੇ ਅੰਦਰ ਜਾਂਚ ਕਰਵਾ ਸਕਦੀ ਹੈ। ਜਿਸ ਤਹਿਤ ਇਹ ਜਾਂਚ ਕੀਤੀ ਜਾ ਸਕਦੀ ਹੈ ਕਿ ਜਿਨ੍ਹਾਂ ਹਾਲਾਤ ਵਿੱਚ ਐਮਰਜੰਸੀ ਐਲਾਨੀ ਗਈ ਕੀ ਉਹ ਸਹੀ ਸਨ ? ਅਤੇ ਕੀ ਉਨ੍ਹਾਂ ਹਾਲਾਤ ਨਾਲ ਸਿੱਝਣ ਲਈ ਜਿਹੜੇ ਮਾਪਦੰਡ ਅਪਣਾਏ ਗਏ ਉਹ ਸਹੀ ਸਨ ? ਇਸ ਕਾਨੂੰਨ ਤਹਿਤ ਜਾਂਚ ਦਾ ਐਲਾਨ ਕਰਨ ਲਈ ਸਰਕਾਰ ਕੋਲ ਸੋਮਵਾਰ ਦਾ ਦਿਨ ਆਖਰੀ ਦਿਨ ਸੀ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਓਨਟਾਰੀਓ ਅਪੀਲ ਕੋਰਟ ਦੇ ਜੱਜ ਪਾਲ ਐਸ ਰੂਲੋ ਨੂੰ ਇਨਕੁਆਰੀ ਕਮਿਸ਼ਨਰ ਥਾਪਿਆ ਗਿਆ ਹੈ। ਰੂਲੋ ਨੂੰ ਹੁਣ 20 ਫਰਵਰੀ, 2023 ਤੱਕ ਫੈਡਰਲ ਸਰਕਾਰ ਨੂੰ ਇੰਗਲਿਸ਼ ਤੇ ਫਰੈਂਚ ਵਿੱਚ ਫਾਈਨਲ ਰਿਪੋਰਟ ਮੁਹੱਈਆ ਕਰਵਾਉਣੀ ਹੋਵੇਗੀ।


FOR BUYING OR SELLING
any kind of Property, Count on my many years of Expert Experience
Tejinder S. Bansal
REALTOR
604.671.5783
Email: tbansal@msn.com
MULTIPLE REALTY LTD.
Multiple Realty Ltd.
768 Kingsway, Vancouver
TEL: 604-434-1431
www.multiplerealty.com

COMMERCIAL LAND ON BUSY HIGHWAY IN MISSION
5 Acres Commercial land (flat) on the Busy Highway in Mission. CVD zoned. You can Build anything like shopping mall, banquet hall or shop cum flats. No information released without Confidentiality Agreement.
ASKING ONLY
$20 mil

INDUSTRIAL WAREHOUSE FOR SALE IN RICHMOND
Need space for your small business? Check this out!! Industrial warehouse 1500 SF for sale. Central location, Near No. 6 Road and River Road, Richmond. Potential to add 2nd floor.
ASKING ONLY
$778,000

BUILDINGS LOTS
Now, assignment of 2-building lots 3800 sf, side by side available for sale near 131/236 Street in Maple Ridge.
Try offer.
ASKING ONLY
$799,000 each

EXCELLENT OPPORTUNITY
Two upcoming 3 bedrooms unit in Hightower on 14th and 15th floor, ready by early 2025 you can Buy this with 20% deposit over 2 years period

6340 BUSWELL ST, RICHMOND


Top floor, Corner unit, 2 Bedroom 2 Bathroom, Prime Location, Short walk to Richmond Sky Train, Rental OK

PUB FOR SALE
Interested to run your own Pub!! Good monthly return, now available for Sale with or without Pub-licence. Call for more details.

DUPLEX LOT RT2 ZONE FOR SALE IN VANCOUVER
6422 Beatrice St, Vancouver
Available for assignment Duplex Lot RT2 zone
ASKING $1.6 million

ਬੀ.ਸੀ. ਵਿੱਚ ਕੋਵਿਡ-19

ਬੂਸਟਰ ਟੀਕੇ ਸਾਨੂੰ ਸੁਰੱਖਿਆ ਪ੍ਰਦਾਨ ਕਰਦੇ ਹਨ।
ਬੂਸਟਰ ਟੀਕੇ ਤੁਹਾਡੀ ਇਮਿਊਨਟੀ ਨੂੰ ਬਿਹਤਰ ਕਰਨ ਅਤੇ ਗੰਭੀਰ ਬੀਮਾਰੀ ਤੋਂ ਬਚਾਅ ਵਿੱਚ ਮਦਦ ਕਰਨ ਦਾ ਸਭ ਤੋਂ ਅਸਰਦਾਰ ਤਰੀਕਾ ਹਨ – ਭਾਵੇਂ ਤੁਹਾਨੂੰ ਪਹਿਲਾਂ ਕੋਵਿਡ-19 ਹੋ ਚੁੱਕਿਆ ਹੈ। ਕਿਰਪਾ ਕਰਕੇ ਆਪਣੀ ਅਤੇ ਦੂਜਿਆਂ ਦੀ ਸੁਰੱਖਿਆ ਵਿੱਚ ਮਦਦ ਲਈ ਆਪਣਾ ਹਿੱਸਾ ਪਾਓ। ਅੱਜ ਹੀ ਆਪਣਾ ਬੂਸਟਰ ਟੀਕਾ ਬੁੱਕ ਕਰੋ।
gov.bc.ca/boosters-PUN
BRITISH COLUMBIA




**BUY NOW!!!**

## MORE AFFORDABLE LAND PRICE IN EDMONTON, ALBERTA

Beautiful house on 153.40 acres of land with house and large metal shed on property near Edmonton International Airport on HWY 19.







## FEATURED LISTINGS

### SCOTTSDALE AREA

### Great Location in Delta



Completely renovated 1900sq feet 5-bedroom, 2 full baths house located in Delta on 6600sq feet fully fenced lot. Close to all amenities.

### Developers Alert

Great Project to build- New Westminster 45 Town Homes site in New Westminster Queensborough area with P.L.A

### Langley Campbell Valley Area

Well-kept 5-bedroom house on 19.3-acre of RU3 zoned land. Major opportunity to double your investment in few years.

***Coming Soon in Maple Ridge Townhomes plus Single family lots in Cotton Wood Area,***

## STRATA MANAGEMENT

- Attending Council Meetings
- Issuing notices of Annual and Special General Meetings.
- Attending, transcribing and circulating AGM and SGM Notes to owners
- Interpreting and providing assistance with the Strata Property Act, relevant legislations and bylaws to the owners and council.
- Project Management
- Getting the best rates for any contract work
- Preparing monthly financial statements
- Receiving, recording and depositing Strata fees
- Paying accounts Payable on time
- Renewing property appraisal and insurance
- Maintain 24/7 emergency response services & much more.

## PROPERTY MANAGEMENT

- Marketing your properties and Locating suitable tenants
- Checking tenant references for red flags
- Managing your AIRBNB Properties for higher return
- Addressing tenancy issues and taking care of concerns
- Performing move-in inspection
- Collecting damage deposits and rental payments
- Performing move-in and out inspections
- Arranging for required cleaning and maintenance
- Providing 24/7 emergency response & maintenance
- Setup, sign and maintain service contracts (Waste removal, HVAC, Landscaping, Cleaning, Insurance etc.).
- Supervise contractors and ensure performance



# ਦਿੱਲੀ ਦੀ ਕਾਂਗਰਸ ਆਗੂ ਅਲਕਾ ਲਾਂਬਾ ਰੋਪੜ ਦੇ ਥਾਣੇ ਵਿਚ ਪੇਸ਼

## ਦੋ ਮਿੰਟ ਵਿੱਚ ਬਾਹਰ ਆਈ ਅਲਕਾ ਬੋਲੀ : ਐਵੇਂ ਪਰੇਸ਼ਾਨ ਕਰਦੇ ਨੇ

ਰੂਪਨਗਰ-ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਖ਼ਿਲਾਫ਼ ਟਿੱਪਣੀ ਦੇ ਕੇਸ ਵਿੱਚ ਦੋਸ਼ੀ ਨਾਮਜ਼ਦ ਹੋਣ ਪਿੱਛੋਂ ਦਿੱਲੀ ਦੀ ਕਾਂਗਰਸ ਆਗੂ ਅਲਕਾ ਲਾਂਬਾ ਅੱਜ ਰੂਪਨਗਰ ਦੀ ਪੁਲਿਸ ਕੋਲ ਪੇਸ਼ ਹੋਈ, ਪਰ ਉਨ੍ਹਾਂ ਨੂੰ ਜਵਾਬ ਮਿਲਿਆ ਕਿ ਕੇਸ ਦੀ ਫਾਈਲ ਹਾਈ ਕੋਰਟ ਭੇਜ ਦਿੱਤੀ ਗਈ ਹੈ। ਅਲਕਾ ਲਾਂਬਾ ਕਾਂਗਰਸ ਦੇ ਪੰਜਾਬ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨਾਲ ਥਾਣੇ ਪਹੁੰਚੀ ਤਾਂ ਉਨ੍ਹਾਂ ਨੂੰ ਦੱਸਿਆ ਗਿਆ ਕਿ ਹਾਲੇ ਐੱਸਐੱਸਪੀ ਡਾ. ਸੰਦੀਪ ਗਰਗ ਨਹੀਂ ਆਏ। ਲਗਪਗ ਅੱਧਾ ਘੰਟਾ ਉਡੀਕ ਪਿੱਛੋਂ ਜਦੋਂ ਐੱਸਐੱਸਪੀ ਆਏ ਤਾਂ ਅਲਕਾ ਨੂੰ ਕਿਹਾ ਕਿ ਕੇਸ ਦੀ ਫਾਈਲ ਹਾਈ ਕੋਰਟ ਪਹੁੰਚ ਗਈ ਹੈ। ਇਸ ਉੱਤੇ ਅਲਕਾ ਲਾਂਬਾ ਨੇ ਕਿਹਾ ਕਿ ਜੇ ਏਦਾਂ ਸੀ ਤਾਂ ਪਹਿਲਾਂ ਦੱਸਦੇ, ਦੋ ਦਿਨ ਤਰੀਕ ਕਿਉਂ ਬਦਲੀ ਸੀ।ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਇਹ ਪੰਜਾਬ ਅਤੇ ਸਾਡੇ ਲਈ ਸ਼ਰਮਨਾਕ ਹੈ ਕਿ ਇੱਕ ਔਰਤ ਨੂੰ ਥਾਣੇ ਸੱਦ ਕੇ ਪਰੇਸ਼ਾਨ ਕੀਤਾ ਹੈ। ਅਲਕਾ ਲਾਂਬਾ ਕਾਂਗਰਸ ਆਗੂਆਂ ਨਾਲ ਥਾਣਾ ਸਦਰ ਗਈ, ਪਰ ਐੱਸਐੱਚਓ ਵਿਜੇ ਕੁਮਾਰ ਦੇ ਕਮਰੇ ਵਿਚ ਐੱਸਪੀ ਹਰਬੀਰ ਸਿੰਘ ਅਟਵਾਲ ਦੀ ਹਾਜ਼ਰੀ ਵਿਚ ਦੋ ਮਿੰਟ ਬੈਠਣ ਪਿੱਛੋਂ ਬਾਹਰ ਆ ਕੇ



ਕਿਹਾ ਕਿ ਉਨ੍ਹਾਂ ਤੋਂ ਕਿਤੇ ਵੀ ਦਸਖ਼ਤ ਨਹੀਂ ਕਰਵਾਏ ਗਏ, ਐਵੇਂ ਪਰੇਸ਼ਾਨ ਕਰਦੇ ਹਨ। ਵਰਨਣ ਯੋਗ ਹੈ ਕਿ ਰੂਪਨਗਰ ਦੇ ਸਦਰ ਥਾਣਾ ਵਿੱਚ ਨਰਿੰਦਰ ਸਿੰਘ ਵਾਸੀ ਨੂਰਪੁਰ ਬੇਦੀ ਦੀ ਸ਼ਿਕਾਇਤ ਉੱਤੇ ਕਵੀ ਕੁਮਾਰ ਵਿਸ਼ਵਾਸ ਉੱਤੇ ਕੇਸ ਦਰਜ ਕੀਤਾ ਗਿਆ ਸੀ, ਜਿਸ ਵਿਚ ਦੋਸ਼ ਸੀ ਕਿ ਕੁਮਾਰ ਵਿਸ਼ਵਾਸ ਨੇ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਦੇ ਖਾਲਿਸਤਾਨੀਆਂ ਨਾਲ ਸੰਬੰਧਾਂ ਦਾ ਦੋਸ਼ ਲਾਇਆ ਤਾਂ ਲੋਕ ਰੂਪਨਗਰ ਵਿੱਚ ਆਮ ਆਦਮੀ ਪਾਰਟੀ ਦੇ ਵਰਕਰਾਂ ਨੂੰ ਖ਼ਾਲਿਸਤਾਨੀ ਕਹਿਣ ਲੱਗ ਪਏ ਹਨ।ਫਿਰ ਇਸ ਕੇਸਵਿੱਚ ਸਾਬਕਾ ਵਿਧਾਇਕ ਅਲਕਾ ਲਾਂਬਾ ਨੂੰ ਨਾਮਜ਼ਦ ਕੀਤਾ ਗਿਆ ਸੀ। ਅੱਜ ਅਲਕਾ ਲਾਂਬਾ ਦੇ ਸਮੱਰਥਨ ਵਿਚ ਰੂਪਨਗਰ ਸਿਵਲ ਸੈਕਟਰੀਏਟ ਦੇ ਅੱਗੇ ਕਾਂਗਰਸੀ ਵਰਕਰਾਂ ਨੇ ਧਰਨਾ ਦਿੱਤਾ ਅਤੇਸੈਕਟਰੀਏਟ ਵਿੱਚ ਵੜਨ ਦੀ ਕੋਸ਼ਿਸ਼ ਵੀ ਕੀਤੀ। ਉਨ੍ਹਾਂ ਦੀ ਅਗਵਾਈ ਕਰਦੇ ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਬਰਿੰਦਰ ਸਿੰਘ ਢਿੱਲੋਂ ਸੈਕਟਰੀਏਟ ਦੇ ਮੇਨ ਗੇਟ ਉੱਤੇ ਚੜ੍ਹ ਗਏ। ਫਿਰ ਉਨ੍ਹਾਂ ਦੇ ਸਾਥੀਆਂ ਨੇ ਗੇਟ ਖੋਲ੍ਹ ਦਿੱਤੇ ਤਾਂ ਸੈਕਟਰੀਏਟ ਦੇ ਅੰਦਰ ਐੱਸਐੱਸਪੀ ਦਫਤਰ ਵਿੱਚ ਜਾਣ ਵੇਲੇ ਉਨ੍ਹਾਂਤੇ ਪੁਲਿਸ ਵਿਚਾਲੇ ਧੱਕਾ-ਮੁੱਕੀ ਹੋਈ। ਇਸ ਦੌਰਾਨ ਐੱਸਐੱਸਪੀ ਦਫਤਰ ਦੇ ਮੇਨ ਗੇਟ ਦਾ ਸ਼ੀਸ਼ਾਵੀ ਟੁੱਟ ਗਿਆ।

## ਕੈਪਟਨ ਅਮਰਿੰਦਰ ਤੋਂ ਭਾਜਪਾ ਵੱਲੋਂ ਕਿਨਾਰਾ, ਸ਼ਹਿਰੀ ਚੋਣਾਂ ਇਕੱਲੀ ਲੜਨ ਲੱਗੀ

ਚੰਡੀਗੜ੍ਹ-ਪੰਜਾਬ ਵਿੱਚ ਨਗਰ ਨਿਗਮ ਚੋਣਾਂ ਬਾਰੇ ਅਹਿਮ ਖ਼ਬਰ ਕਿ ਭਾਜਪਾ ਕੈਪਟਨ ਅਮਰਿੰਦਰ ਸਿੰਘ ਨਾਲ ਮਿਲ ਕੇ ਇਹ ਚੋਣਾਂ ਨਹੀਂ ਲੜੇਗੀ। ਸੰਗਰੂਰ ਲੋਕ ਸਭਾ ਸੀਟ ਉੱਤੇ ਉਪ ਚੋਣ ਅਤੇ 4 ਨਿਗਮਾਂ ਦੀਆਂ ਚੋਣਾਂ ਭਾਜਪਾ ਇਕੱਲੀ ਲੜਨ ਲੱਗੀਹੈ ਅਤੇ ਕੈਪਟਨ ਅਮਰਿੰਦਰ ਸਿੰਘ ਨੂੰ ਪਰੇ ਧੱਕ ਦਿੱਤਾ ਹੈ। ਅੱਜਭਾਜਪਾ ਦੀ ਚੋਣਮੀਟਿੰਗ ਵਿੱਚ ਪੰਜਾਬ ਦੇ ਪ੍ਰਧਾਨ ਅਸ਼ਵਨੀ ਸ਼ਰਮਾ, ਕੋ-ਇੰਚਾਰਜ ਨਰਿੰਦਰ ਰੈਣਾ ਅਤੇ ਦੁਸ਼ਯੰਤ ਗੌਤਮ ਹਾਜ਼ਰ ਸਨ।ਇਸ ਦੌਰਾਨ ਪੰਜਾਬ ਦੀ ਭਾਜਪਾ ਦੇ ਇੰਚਾਰਜ ਦੁਸ਼ਯੰਤ ਗੌਤਮ ਨੇ ਕਿਹਾ ਕਿ ਇਸ ਵਾਰ ਭਾਜਪਾ ਇਕੱਲੀ ਚੋਣ ਲੜਨ ਨੂੰ ਤਿਆਰ ਹੈ। ਉਨ੍ਹਾਂ ਇਹ ਵੀ ਕਿਹਾ ਕਿ ਕੇਂਦਰ ਦੀ ਲੀਡਰਸ਼ਿਪ ਜੋ ਫੈਸਲਾ ਕਰੇਗੀ, ਉਨ੍ਹਾਂ ਨੂੰ ਮਨਜ਼ੂਰ ਹੋਵੇਗਾ।ਵਰਨਣ ਯੋਗ ਹੈ ਕਿ ਸੰਗਰੂਰ ਲੋਕ ਸਭਾ ਸੀਟ ਤੋਂ ਦੂਸਰੀ ਵਾਰ ਪਾਰਲੀਮੈਂਟ ਮੈਂਬਰ ਰਹੇ ਭਗਵੰਤ ਮਾਨ ਨੇ ਪੰਜਾਬ ਦਾ ਮੁੱਖ ਮੰਤਰੀ ਬਣਨ ਪਿੱਛੋਂਲੋਕ ਸਭਾ ਮੈਂਬਰੀ ਤੋਂ ਅਸਤੀਫਾ ਦੇ ਦਿੱਤਾ ਸੀ। ਇਸ ਨਾਲ ਸੰਗਰੂਰ ਲੋਕ ਸਭਾ ਸੀਟ ਦੀ ਚੋਣ ਜਲਦੀ ਹੀ ਕਰਵਾਈ ਜਾਵੇਗੀ। ਇਸ ਸਾਲ ਪੰਜਾਬ ਦੇ 4 ਸ਼ਹਿਰਾਂਜਲੰਧਰ, ਲੁਧਿਆਣਾ, ਪਟਿਆਲਾ ਅਤੇ ਅੰਮ੍ਰਿਤਸਰ ਦੀਆਂ ਚੋਣਾਂ ਹੋਣੀਆਂ ਹਨ। ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਤੇ ਕੈਪਟਨ ਅਮਰਿੰਦਰ ਸਿੰਘ ਦਾ ਗਠਜੋੜ ਸੀ। ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ ਲੋਕ ਕਾਂਗਰਸ ਪਾਰਟੀ ਕੋਈ ਸੀਟ ਨਹੀਂ ਜਿੱਤ ਸਕੀ ਅਤੇ ਭਾਜਪਾ 2 ਸੀਟਾਂ ਤੋਂ ਜੇਤੂ ਰਹੀ ਸੀ।

## ਬਹਿਬਲ ਕਲਾਂ ਗੋਲੀਕਾਂਡ ਦੀ ਅਗਲੀ ਸੁਣਵਾਈ 9 ਮਈ ਨੂੰ


ਕੋਟਕਪੂਰਾ-ਅਕਾਲੀ-ਭਾਜਪਾ ਸਰਕਾਰ ਦੌਰਾਨ ਸਾਲ 2015 ਵਿੱਚਹੋਏ ਬੇਅਦਬੀ ਕਾਂਡ ਦਾ ਇਨਸਾਫ਼ ਮੰਗਦੀਆਂ ਸ਼ਾਂਤਮਈ ਧਰਨੇ ਉੱਤੇ ਬੈਠੀਆਂ ਸੰਗਤਾਂ ਉਪਰ ਹੋਏ ਪੁਲਸੀਆਂ ਜ਼ੁਲਮ ਵਾਲੇ ਬਹਿਬਲ ਕਲਾਂ ਗੋਲੀਕਾਂਡ ਕੇਸ ਦੇ ਦੋਸ਼ੀ ਨਾਮਜ਼ਦ ਕੀਤੇ ਗਏ ਪੰਜਾਬ ਦੇ ਸਾਬਕਾ ਡੀ ਜੀ ਪੀ ਸੁਮੇਧ ਸਿੰਘ ਸੈਣੀ, ਸਸਪੈਂਡਿਡ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ, ਸੁਹੇਲ ਸਿੰਘ ਬਰਾੜ ਕੱਲ੍ਹ ਨਿੱਜੀ ਤੌਰ ਉੱਤੇ ਅਦਾਲਤ ਨਹੀਂ ਆਏ ਅਤੇ ਇਨ੍ਹਾਂ ਨੂੰ ਇੱਕ ਦਿਨ ਦੀ ਹਾਜ਼ਰੀ ਤੋਂ ਛੋਟ ਦਿੱਤੀ ਗਈ। ਥਾਣਾ ਬਾਜਾਖ਼ਾਨਾ ਦੇ ਸਾਬਕਾ ਮੁਖੀ ਅਮਰਜੀਤ ਸਿੰਘ ਕੁਲਾਰ, ਕਾਰੋਬਾਰੀ ਪੰਕਜ ਬਾਂਸਲ, ਮੋਗਾ ਦੇ ਸਾਬਕਾ ਐਸ ਐਸ ਪੀ ਚਰਨਜੀਤ ਸ਼ਰਮਾ, ਐਸ ਪੀ ਬਿਕਰਮਜੀਤ ਸਿੰਘ ਅਦਾਲਤ ਵਿੱਚ ਹਾਜ਼ਰ ਸਨ। ਅਦਾਲਤ ਨੇ ਇਸ ਦੀ ਅਗਲੀ ਸੁਣਵਾਈ 9 ਮਈ ਤਕ ਮੁਲਤਵੀ ਕਰ ਦਿੱਤੀ ਹੈ। ਪਤਾ ਲੱਗਾ ਹੈ ਕਿਐਡੀਸ਼ਨਲ ਸੈਸ਼ਨ ਜੱਜ ਹਰਬੰਸ ਸਿੰਘ ਲੇਖੀ ਦੀ ਅਦਾਲਤ ਫ਼ਰੀਦਕੋਟ ਵਿੱਚ ਬਹਿਬਲ ਗੋਲੀਕਾਂਡ ਕੇਸ ਵਿੱਚ ਕੱਲ੍ਹ ਚਾਰਜਸ਼ੀਟ ਉੱਤੇ ਬਹਿਸ ਹੋਣੀ ਸੀ ਪਰ ਦੋਸ਼ੀਆਂ ਦੇ ਵਕੀਲ ਨੇ ਅਦਾਲਤ ਨੂੰ ਕਿਹਾ ਕਿ ਇਸ ਕੇਸ ਦੀ ਸੁਣਵਾਈ ਮੁਲਤਵੀ ਕੀਤੀ ਜਾਵੇ ਕਿਉਂਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਦੋਸ਼ੀਆਂ ਵਿਰੁੱਧ ਐਸ ਆਈ ਟੀ (ਸਿੱਟੀ) ਨੇ ਜੋ ਚਲਾਨ ਪੇਸ਼ ਕੀਤਾ ਹੈ, ਉਸ ਨੂੰ ਰੱਦ ਕਰਾਉਣ ਲਈ ਪੁਲਸ ਅਧਿਕਾਰੀਆਂ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਹੋਈ ਹੈ। ਵਰਨਣ ਯੋਗ ਹੈ ਕਿ ਇਸ ਕੇਸ ਵਿੱਚ ਸਾਬਕਾ ਡੀ ਜੀ ਪੀ ਸੁਮੇਧ ਸੈਣੀ, ਸਸਪੈਂਡਿਡ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ, ਚਰਨਜੀਤ ਸ਼ਰਮਾ, ਬਿਕਰਮਜੀਤ ਸਿੰਘ ਅਤੇ ਕੁਲਾਰ ਆਦਿ ਦੋਸ਼ੀ ਵਜੋਂ ਨਾਮਜ਼ਦ ਹਨ। ਇਨ੍ਹਾਂ ਨੇ ਆਪਣੀ ਪਟੀਸ਼ਨ ਵਿੱਚ ਕਿਹਾ ਕਿ ਐਸ ਆਈ ਟੀ ਨੇ ਹਮਲਾਵਰਾਂ ਉਪਰ ਕਾਰਵਾਈ ਕਰਨ ਦੀ ਥਾਂ ਪੁਲਸ ਅਧਿਕਾਰੀਆਂ ਨੂੰ ਦੋਸ਼ੀ ਵਜੋਂ ਨਾਮਜ਼ਦ ਕਰ ਦਿੱਤਾ ਹੈ।



# ਮਨਜੀਤ ਸਿੰਘ ਜੀ.ਕੇ. ਵੱਲੋਂ ਦੋਸ਼ : ਸੱਜਣ ਕੁਮਾਰ ਨੂੰ ਜੇਲ੍ਹ ਤੋਂ ਛੁੱਟਣ ਦਾ ਰਾਹ ਦਿੱਲੀ ਗੁਰਦੁਆਰਾ ਕਮੇਟੀ ਨੇ ਦਿੱਤੈ

ਨਵੀਂ ਦਿੱਲੀ-ਸਾਲ 1984 ਵਿੱਚ ਓਦੋਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਹੋਏ ਸਿੱਖ ਕਤਲੇਆਮ ਮੌਕੇ 2 ਸਿੱਖਾਂ ਨੂੰ ਜਿਊਂਦੇ ਸਾੜ ਕੇ ਮਾਰ ਦੇਣਬਾਰੇ ਥਾਣਾ ਸਰਸਵਤੀ ਵਿਹਾਰ ਵਿਖੇ ਦਰਜ ਸ਼ਿਕਾਇਤ ਨੰਬਰ 458/91 ਵਿੱਚਦੋਸ਼ੀ ਅਤੇ ਕਾਂਗਰਸ ਦੇ ਸਾਬਕਾਪਾਰਲੀਮੈਂਟ ਮੈਂਬਰ ਸੱਜਣ ਕੁਮਾਰ ਨੂੰ ਦਿੱਲੀ ਦੀ ਰਾਊਜ਼ ਐਵੀਨਿਊ ਕੋਰਟ ਤੋਂ ਚੁੱਪ-ਚੁਪੀਤੇ ਪੱਕੀ ਜ਼ਮਾਨਤ ਮਿਲਣ ਨਾਲ ਸਿਆਸਤ ਭਖ ਗਈ ਹੈ। ਇਸ ਸੰਬੰਧ ਵਿੱਚ ਜਾਗੋ ਪਾਰਟੀ ਦੇ ਮੋਢੀ ਪ੍ਰਧਾਨ ਮਨਜੀਤ ਸਿੰਘ ਜੀ ਕੇ ਨੇ ਦਿੱਲੀਸਿੱਖ ਗੁਰਦੁਆਰਾ ਕਮੇਟੀ ਦੇ ਪ੍ਰਬੰਧਕਾਂ ਨੂੰ ਪੁੱਛਿਆ ਹੈ ਕਿ ਤੁਸੀਂ ਸੌਦੇ ਕਰਨ ਲਈ ਹੋ ਜਾਂ ਕੌਮ ਦੇ ਕਾਤਲਾਂ ਨੂੰ ਸਜ਼ਾ ਦਿਵਾਉਣ ਲਈ ? ਉਨ੍ਹਾ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ ਦੀ ਪ੍ਰਧਾਨਗੀ ਤੋਂ ਮੇਰੇ ਹਟਣ ਤੋਂ ਬਾਅਦ ਤ੍ਰਿਲੋਕਪੁਰੀ ਕਤਲੇਆਮ ਦੇ 88 ਕਾਤਲਾਂ ਨੂੰ ਤੁਸੀਂ ਜ਼ਮਾਨਤਾਂ ਕਿਉਂ ਲੈਣ ਦਿੱਤੀਆਂ ? ਇਸ ਕੇਸ ਦੇ ਵੱਡੇ ਮਗਰਮੱਛ ਸੱਜਣ ਕੁਮਾਰ ਦੀ ਜ਼ਮਾਨਤ ਦਾ ਤੁਹਾਡੇ ਵਕੀਲ ਨੇ ਪੇਸ਼ ਹੋ ਕੇ ਵਿਰੋਧ ਕਿਉਂ ਨਾ ਕੀਤਾ ? ਕੀ ਸੱਜਣ ਕੁਮਾਰ ਨੂੰ ਫਰਲੋ ਦਿਵਾਉਣ ਲਈ ਤੁਹਾਡੀ ਡੀਲ ਹੋਈ ਹੈ, ਕਿਉਂਕਿ ਉਸ ਨੂੰ ਇਹ ਜ਼ਮਾਨਤ ਮਿਲਣ ਦੇ ਨਾਲ ਫਰਲੋ ਮਿਲਣ ਦੀ ਰੁਕਾਵਟ ਵੀ ਹਟ ਗਈ ਹੈ। ਮਨਜੀਤ ਸਿੰਘ ਜੀ ਕੇ ਨੇ ਦੱਸਿਆ ਕਿ ਇਸ ਬਾਰੇ 22 ਫਰਵਰੀ, 9 ਮਾਰਚ, 29 ਮਾਰਚ, 19 ਅਪਰੈਲ ਅਤੇ 27 ਅਪਰੈਲ ਨੂੰ ਸ਼ਿਕਾਇਤ ਕਰਤਾ ਦੇ ਵਕੀਲ ਗੁਰਬਖਸ਼ ਸਿੰਘ ਪੇਸ਼ ਨਹੀਂ ਹੋਏ ਤੇ ਨਾ ਸੀਨੀਅਰ ਵਕੀਲ ਹਰਵਿੰਦਰ ਸਿੰਘ ਫੂਲਕਾ ਦੀ ਹਾਜ਼ਰੀ ਲੱਗੀ। ਜੁਰਮ ਦੀਆਂ ਧਾਰਾਵਾਂ ਤੈਅ ਕਰਨ ਦੇ ਬਾਵਜੂਦ ਪੱਕੀ ਜ਼ਮਾਨਤ ਦੇਣ ਵਾਲੇ ਜੱਜ ਐੱਮ ਕੇ ਨਾਗਪਾਲ ਦੀ ਅਦਾਲਤ ਦੇ 27 ਅਪਰੈਲ ਦੇ 29 ਸਫਿਆਂ ਦੇ ਫੈਸਲੇ ਵਿੱਚਸ਼ਿਕਾਇਤ ਕਰਤਾ ਦੇ ਵਕੀਲ ਦੀ ਪੇਸ਼ੀ ਅਤੇ ਦਲੀਲਾਂ ਦਾ ਜ਼ਿਕਰ ਨਹੀਂ, ਜਦਕਿ ਮੇਰੀ ਪ੍ਰਧਾਨਗੀ ਸਮੇਂ ਤੱਕ ਲਗਾਤਾਰ ਦਿੱਲੀ ਕਮੇਟੀ ਦੇ ਵਕੀਲ ਪੀੜਤਾਂਵੱਲੋਂ ਕੋਰਟ ਵਿੱਚਜਾਂਦੇ ਸਨ। ਕੀ ਇਹ ਜ਼ਮਾਨਤ ਫਿਕਸਿੰਗ ਦਾ ਕੇਸ ਹੈ, ਕਿਉਂਕਿ ਅਦਾਲਤ ਦੇ ਹੁਕਮ ਤੋਂ ਪਤਾ ਲੱਗਾ ਹੈ ਕਿ ਸੱਜਣ ਕੁਮਾਰ ਨੂੰ ਇਹ ਜ਼ਮਾਨਤ ਫਰਲੋ ਲੈਣ ਲਈ ਜ਼ਰੂਰੀ ਸੀ।ਸਾਲ 2018 ਤੋਂ ਜੇਲ੍ਹ ਵਿੱਚ ਬੰਦ ਸੱਜਣ ਕੁਮਾਰ ਇਸ ਜ਼ਮਾਨਤ ਪਿੱਛੋਂ ਕਿਸੇ ਵੇਲੇ ਵੀ ਦਿੱਲੀ ਸਰਕਾਰ ਕੋਲ ਫਰਲੋ ਦੀ ਅਰਜ਼ੀ ਲਾ ਸਕਦਾ ਹੈ ਤੇ ਹੋ ਸਕਦਾ ਹੈ ਕਿ ਕੁਝ ਦਿਨਾਂ ਦੀ ਫਰਲੋ ਲੈ ਕੇ ਜੇਲ੍ਹ ਤੋਂ ਬਾਹਰ ਨਿਕਲ ਆਵੇ। ਇਹ ਸਿੱਧੇ ਤੌਰ ਉੱਤੇ ਉਸ ਨੂੰ ਜੇਲ੍ਹ ਤੋਂ ਨਿਕਲਣ ਦਾ ਰਾਹ ਦੇਣ ਵਾਂਗ ਹੈ। ਵਰਨਣ ਯੋਗ ਹੈ ਕਿ ਨਵੰਬਰ 1984 ਵਿੱਚ ਨੇਤਾਜੀ ਸੁਭਾਸ਼ ਪਲੇਸ ਇਲਾਕੇ ਵਿਚਲੇ ਪਿਉ-ਪੁੱਤਰ ਜਸਵੰਤ ਸਿੰਘ ਤੇ ਤਰੁਣਦੀਪ ਸਿੰਘ ਦੇ ਕਤਲ ਕੇਸਵਿੱਚ ਭੀੜ ਭੜਕਾਉਣ ਦਾ ਦੋਸ਼ ਓਦੋਂ ਕਾਂਗਰਸੀ ਪਾਰਲੀਮੈਂਟ ਮੈਂਬਰ ਸੱਜਣ ਕੁਮਾਰ ਉੱਤੇ ਲੱਗਾ ਸੀ ਅਤੇ ਸਾਲ1991 ਵਿੱਚ ਇਸ ਕੇਸਵਿੱਚ ਜਾਂਚ ਕਮਿਸ਼ਨ ਦੇ ਆਦੇਸ਼ ਉੱਤੇਕੇਸ ਦਰਜ ਹੋਇਆ ਸੀ, ਪਰ ਕਾਂਗਰਸ ਸਰਕਾਰ ਦੌਰਾਨ ਸੱਜਣ ਕੁਮਾਰ ਦੇ ਖਿਲਾਫ ਕਾਰਵਾਈ ਢਿੱਲੀ ਚੱਲੀ ਸੀ। ਨਰਿੰਦਰ ਮੋਦੀ ਸਰਕਾਰ ਬਣਨ ਉੱਤੇ 2014 ਵਿੱਚ ਕੇਂਦਰ ਵੱਲੋਂ ਬਣਾਈ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ)ਮੂਹਰੇਦਿੱਲੀਗੁਰਦੁਅਰਾ ਕਮੇਟੀ ਦੇ ਓਦੋਂ ਦੇ ਪ੍ਰਧਾਨ ਮਨਜੀਤ ਸਿੰਘ ਜੀ ਕੇਵੱਲੋਂਰੱਖੇਕੇਸਾਂਵਿੱਚ ਇਹ ਕੇਸ ਵੀ ਸੀ ਅਤੇ 2016 ਵਿੱਚ ਐੱਸ ਆਈ ਟੀ ਨੇ ਪੀੜਤਾਂ ਦੇ ਬਿਆਨ ਲਿਖ ਕੇ ਮੁੜ ਜਾਂਚ ਆਰੰਭੀ ਸੀ। ਮਨਜੀਤ ਸਿੰਘਜੀ ਕੇਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਦਿੱਲੀ ਗੁਰਦੁਆਰਾ ਕਮੇਟੀ ਦੀ ਪ੍ਰਧਾਨਗੀ ਛੱਡਣ ਪਿੱਛੋਂ 19 ਦਸੰਬਰ 2021 ਨੂੰ ਦਿੱਲੀ ਕਮੇਟੀ ਦੇ ਜਨਰਲ ਸੈਕਟਰੀ ਹਰਮੀਤ ਸਿੰਘ ਕਾਲਕਾ ਤੇ ਲੀਗਲ ਸੈੱਲ ਦੇ ਚੇਅਰਮੈਨ ਜਗਦੀਪ ਸਿੰਘ ਕਾਹਲੋਂ ਨੇ ਬਿਆਨ ਜਾਰੀ ਕਰ ਕੇਕਿਹਾ ਸੀ ਕਿ ਸੱਜਣ ਕੁਮਾਰ ਨੂੰ ਇਸ ਕੇਸ ਵਿੱਚ ਸਜ਼ਾ ਹੋਣੀ ਤੈਅ ਹੈ, ਪਰ ਸਜ਼ਾ ਮਿਲਣ ਦੀ ਥਾਂਸੱਜਣ ਕੁਮਾਰ ਇਸ ਕੇਸਵਿੱਚ ਜ਼ਮਾਨਤ ਲੈ ਗਿਆ ਹੈ।






## ਬਾਦਲ, ਮਜੀਠੀਆ ਨੂੰ ਫਲੈਟ ਖ਼ਾਲੀ ਕਰਨ ਤੇ ਸੁੱਖੀ ਰੰਧਾਵਾ ਨੂੰ ਮੰਤਰੀ ਵਾਲੀ ਕਾਰ ਮੋੜਨ ਦੇ ਹੁਕਮ

ਚੰਡੀਗੜ੍ਹ-ਪੰਜਾਬ ਦੇ ਪੰਜ ਵਾਰੀਆਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਵਿਧਾਇਕਾਂ ਵਾਲੇ ਫਲੈਟ ਖ਼ਾਲੀ ਕਰਨ ਨੂੰ ਕਹਿ ਦਿੱਤਾ ਗਿਆ ਹੈ। ਇਸ ਬਾਰੇ ਪੰਜਾਬ ਵਿਧਾਨ ਸਭਾ ਸੈਕਟਰੀਏਟ ਨੇ ਉਨ੍ਹਾਂ ਨੂੰ ਨੋਟਿਸ ਭੇਜਿਆ ਹੈ। ਬਿਕਰਮ ਸਿੰਘ ਮਜੀਠੀਆ ਦਾ ਫਲੈਟ ਲੈਣ ਵਾਸਤੇ ਅਕਾਲੀ ਵਿਧਾਇਕਾ ਗੁਨੀਵ ਕੌਰ ਨੇ ਵਿਧਾਨ ਸਭਾ ਦੇ ਸਪੀਕਰ ਨੂੰ ਪੱਤਰ ਲਿਖਿਆ ਸੀ, ਪਰ ਉਸ ਦੀ ਅਰਜ਼ੀ ਇਹ ਕਹਿ ਕੇ ਰੱਦ ਕਰ ਦਿੱਤੀ ਗਈ ਕਿ ਅਕਾਲੀ ਦਲ ਦੇ ਸਿਰਫ਼ ਤਿੰਨ ਵਿਧਾਇਕ ਹਨ ਤੇ ਉਨ੍ਹਾਂ ਦੇ ਕੋਟੇ ਤੋਂ ਮਿਲਣ ਵਾਲਾ ਫਲੈਟ ਪਹਿਲਾਂ ਮਨਪ੍ਰੀਤ ਸਿੰਘ ਇਯਾਲੀ ਨੂੰ ਮਿਲਿਆ ਹੈ। ਦੂਸਰਾ ਗੀਨਵ ਕੌਰ ਨੇ ਅਜੇ ਤੱਕ ਵਿਧਾਇਕ ਦੇ ਅਹੁਦੇ ਦੀ ਸਹੁੰ ਵੀ ਨਹੀਂ ਚੁੱਕੀ, ਇਸ ਲਈ ਹਾਲੇ ਉਹ ਏਦਾਂ ਦੀ ਮੰਗ ਨਹੀਂ ਕਰ ਸਕਦੀ। ਵਰਨਣ ਯੋਗ ਹੈ ਕਿ ਬਿਕਰਮ ਸਿੰਘ ਮਜੀਠੀਆ ਇਸ ਵੇਲੇ ਡਰੱਗ ਕੇਸ ਵਿੱਚ ਗ੍ਰਿਫਤਾਰੀ ਪਿੱਛੋਂ ਪਟਿਆਲਾ ਜੇਲ੍ਹ ਵਿੱਚਜੁਡੀਸ਼ਲ ਹਿਰਾਸਤ ਵਿੱਚ ਹਨ ਅਤੇ ਉਨ੍ਹਾਂ ਕੋਲ ਸੈਕਟਰ 4 ਦਾ 39 ਨੰਬਰ ਫਲੈਟ ਹੈ। ਇਹ ਫਲੈਟ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਚਮਕੌਰ ਸਾਹਿਬ ਤੋਂ ਹਰਾਉਣ ਵਾਲੇ ਵਿਧਾਇਕ ਡਾ. ਚਰਨਜੀਤ ਸਿੰਘ ਨੂੰ ਦੇ ਦਿੱਤਾ ਹੈ। ਪ੍ਰਕਾਸ਼ ਸਿੰਘ ਬਾਦਲ ਦਾ ਫਲੈਟ ਉਨ੍ਹਾਂ ਨੂੰ ਹਰਾਉਣ ਵਾਲੇ ਗੁਰਮੀਤ ਸਿੰਘ ਖੁੱਡੀਆਂ ਨੂੰ ਦਿੱਤਾ ਹੈ।ਇਸ ਵੇਲੇ ਪ੍ਰਕਾਸ਼ ਸਿੰਘ ਬਾਦਲ ਕੋਲ ਸੈਕਟਰ ਚਾਰ ਵਿੱਚ 37 ਨੰਬਰ ਫਲੈਟ ਹੈ। ਲੰਬੀ ਹਲਕੇ ਤੋਂ ਪ੍ਰਕਾਸ਼ ਸਿੰਘ ਬਾਦਲ ਅਤੇ ਅੰਮ੍ਰਿਤਸਰ ਪੂਰਬੀ ਹਲਕੇ ਤੋਂ ਬਿਕਰਮ ਸਿੰਘ ਮਜੀਠੀਆ ਇਸ ਵਾਰੀਚੋਣ ਹਾਰ ਗਏ ਸਨ। ਪੰਜਾਬ ਵਿੱਚ ਸਰਕਾਰ ਬਦਲਦੇ ਸਾਰ ਸਰਕਾਰੀ ਫਲੈਟਾਂ ਦੇ ਨਾਲਗੱਡੀਆਂ ਦੀ ਸਿਆਸਤ ਵੀਭਖ ਪਈ ਹੈ।ਰਾਜ ਦੇ ਸਟੇਟ ਟਰਾਂਸਪੋਰਟ ਕਮਿਸ਼ਨਰ ਦੇ ਦਫ਼ਤਰ ਨੇ ਸਾਬਕਾ ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੂੰ ਮੰਤਰੀ ਕੋਟੇ ਤੋਂ ਉਨ੍ਹਾਂ ਨੂੰ ਮਿਲੀ ਹੋਈ ਇਨੋਵਾ ਗੱਡੀ ਮੋੜਨ ਨੂੰਕਹਿ ਦਿੱਤਾ ਹੈ। ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਮੈਨੂੰ ਸਮਝ ਨਹੀਂ ਆਈ ਕਿ ਮੈਨੂੰ ਨੋਟਿਸ ਕਿਉਂ ਭੇਜਿਆ ਹੈ, ਨੋਟਿਸ ਦੇਣਾ ਸੀ ਤਾਂ ਡਰਾਈਵਰ ਨੂੰ ਦੇ ਕੇ ਗੱਡੀ ਲੈ ਜਾਣ।ਜਾਣਕਾਰ ਸੂਤਰਾਂ ਮੁਤਾਬਕ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਪਰਗਟ ਸਿੰਘ ਨੂੰ ਵੀ ਮੰਤਰੀ ਕੋਟੇ ਤੋਂ ਮਿਲੀਆਂ ਕਾਰਾਂ ਮੋੜਨ ਲਈ ਨੋਟਿਸ ਦਿੱਤਾ ਗਿਆ ਹੈ। ਇਨ੍ਹਾਂ ਗੱਡੀਆਂ ਲਈ ਪਰਗਟ ਸਿੰਘ ਤੇ ਮੁੱਖ ਮੰਤਰੀ ਭਗਵੰਤ ਮਾਨ ਵਿਚਾਲੇ ਸ਼ਬਦੀ ਨੋਕ-ਝੋਕ ਵੀ ਹੋ ਚੁੱਕੀ ਹੈ ਅਤੇ ਸਰਕਾਰੀ ਨਿਯਮ ਮੁਤਾਬਕ ਗੱਡੀਆਂ ਮੋੜਨੀਆਂ ਪੈਣੀਆਂ ਹਨ।

## ਚੋਰ ਜੇ ਸੇ ਬੀ ਨਾਲ ਏਟੀਐਮ ਮਸ਼ੀਨਹੀ ਪੁੱਟ ਕੇ ਲੈ ਗਿਆ

ਸਾਂਗਲੀ-ਪੱਛਮੀ ਮਹਾਰਾਸ਼ਟਰ ਦੇ ਸਾਂਗਲੀ ਜ਼ਿਲ੍ਹੇ ਵਿੱਚ ਇੱਕ ਅਣਪਛਾਤੇ ਵਿਅਕਤੀ ਨੇ ਇੱਕ ਜੇ ਸੇ ਬੀ ਮਸ਼ੀਨ ਚੋਰੀ ਕਰ ਕੇ ਉਸ ਨਾਲ ਇੱਕ ਏਟੀਐਮ ਮਸ਼ੀਨ ਪੁੱਟੀ ਤੇ ਨਾਲ ਲੈ ਗਿਆ। ਪੁਲਸ ਅਧਿਕਾਰੀ ਨੇ ਦੱਸਿਆ ਕਿ ਘਟਨਾ 22-23 ਅਪ੍ਰੈਲ ਦੀ ਦਰਮਿਆਨੀ ਰਾਤ ਦੀ ਹੈ। ਮਿਰਾਜ ਤਹਿਸੀਲ ਦੇ ਆਗਰ ਪਿੰਡ ਵਿੱਚ ਇੱਕ ਨਿੱਜੀ ਖੇਤਰ ਦੇ ਬੈਂਕ ਦੇ ਏਟੀਐਮ ਸੈਂਟਰ ਦਾ ਇੱਕ ਸੀ ਸੀ ਟੀ ਵੀ ਫੁਟੇਜ ਵੀਡੀਓ ਮੀਡੀਆ ਉੱਤੇ ਵਾਇਰਲ ਹੋ ਗਿਆ, ਜਿਸ ਵਿੱਚ ਇੱਕ ਜੇ ਸੀ ਬੀ ਮਸ਼ੀਨ ਏਟੀਐਮ ਨੂੰ ਬਾਹਰ ਕੱਢਦੇ ਹੋਏ ਨਜ਼ਰ ਆ ਰਹੀ ਹੈ। ਥਾਣੇ ਦੇ ਇੰਚਾਰਜ ਨੇ ਕਿਹਾ ਕਿ ਇੱਕ ਅਣਪਛਾਤੇ ਵਿਅਕਤੀ ਨੇ ਜੇ ਸੀ ਬੀ ਮਸ਼ੀਨ ਚੋਰੀ ਕਰ ਕੇ ਉਸ ਦੀ ਵਰਤੋਂ ਏਟੀਐਮ ਮਸ਼ੀਨ ਨੂੰ ਪੁੱਟਣ ਲਈ ਕੀਤੀ।ਉਹ ਬਾਅਦ ਵਿੱਚ ਡਰ ਗਿਆ ਅਤੇ ਉਸ ਨੇ ਜੇ ਸੀ ਬੀ ਮਸ਼ੀਨ ਨੂੰ ਨੇੜੇ ਇਲਾਕੇ ਵਿੱਚ ਛੱਡ ਦਿੱਤਾ। ਜਾਂਚ ਦੌਰਾਨ ਏਟੀਐਮ ਦੇ ਅੰਦਰ 27 ਲੱਖ ਰੁਪਏ ਦੀ ਨਗਦੀ ਮਿਲੀ।

# ਅਜੇ ਦੇਵਗਨ ਵਲੋਂ ਹਿੰਦੀ ਭਾਸ਼ਾ ਨੂੰ ਕੌਮੀ ਭਾਸ਼ਾ ਦੱਸੇ ਜਾਣ ਉਪਰੰਤ ਭਾਸ਼ਾਈ ਮੁੱਦਾ ਗਰਮਾਇਆ

ਨਵੀਂ ਦਿੱਲੀ/ਬੰਗਲੂਰੂ-ਫਿਲਮ ਅਦਾਕਾਰ ਅਜੈ ਦੇਵਗਨ ਵੱਲੋਂ ਹਿੰਦੀ ਨੂੰ ਕੌਮੀ ਭਾਸ਼ਾ ਦੱਸੇ ਜਾਣ ਮਗਰੋਂ



ਇਹ ਮੁੱਦਾ ਸਿਆਸੀ ਗਲਿਆਰਿਆਂ 'ਚ ਭਖ ਗਿਆ ਹੈ ਅਤੇ ਕਰਨਾਟਕ ਦੇ ਭਾਜਪਾ ਦੇ ਮੁੱਖ ਮੰਤਰੀ ਬਸਵਰਾਜ ਬੋਮਈ ਤੇ ਨੈਸ਼ਨਲ ਕਾਨਫਰੰਸ ਦੇ ਆਗੂ ਉਮਰ ਅਬਦੁੱਲ੍ਹਾ ਸਮੇਤ ਕਈ ਸਿਆਸੀ ਆਗੂਆਂ ਨੇ ਦੇਵਗਨ ਦੀ ਟਿੱਪਣੀ ਦਾ ਵਿਰੋਧ ਕੀਤਾ ਹੈ। ਜ਼ਿਕਰਯੋਗ ਹੈ ਕਿ ਅਜੈ ਦੇਵਗਨ ਤੇ ਕੰਨੜ ਅਦਾਕਾਰ ਕਿੱਚਾ ਸੁਦੀਪ ਵਿਚਾਲੇ ਟਵਿੱਟਰ 'ਤੇ ਭਾਸ਼ਾ ਦੇ ਮਸਲੇ 'ਤੇ ਚੱਲੀ ਜੰਗ ਮਗਰੋਂ ਇਹ ਮੁੱਦਾ ਭਖਿਆ ਹੈ। ਇਸ ਮੁੱਦੇ 'ਤੇ ਭਾਜਪਾ ਆਗੂ ਬੋਮਈ ਵੀ ਆਪਣੇ ਵਿਰੋਧੀਆਂ ਨਾਲ ਖੜ੍ਹੇ ਹੋਏ ਹਨ। ਕਾਂਗਰਸ ਆਗੂ ਸਿੱਧਾਰਮੱਈਆ ਤੇ ਜਨਤਾ ਦਲ (ਐੱਸ) ਦੇ ਆਗੂ ਐੱਚਡੀ ਕੁਮਾਰਾਸਵਾਮੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਹਿੰਦੀ ਭਾਰਤ ਦੀਆਂ ਹੋਰ ਭਾਸ਼ਾਵਾਂ ਵਾਂਗ ਇੱਕ ਭਾਸ਼ਾ ਹੈ ਅਤੇ ਇਹ ਕੋਈ ਕੌਮੀ ਭਾਸ਼ਾ ਨਹੀਂ ਹੈ। ਮੁੱਖ ਮੰਤਰੀ ਬੋਮਈ ਨੇ ਹੁਬਲੀ 'ਚ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ, 'ਜੋ ਸੁਦੀਪ ਨੇ ਕਿਹਾ ਬਿਲਕੁਲ ਸਹੀ ਹੈ। ਰਾਜਾਂ ਦਾ ਭਾਸ਼ਾ ਦੇ ਆਧਾਰ 'ਤੇ ਗਠਨ ਹੋਣ ਮਗਰੋਂ ਭਾਸ਼ਾ (ਜੋ ਉਨ੍ਹਾਂ ਖੇਤਰਾਂ ਦੀ ਸੀ) ਦਾ ਮਹੱਤਵ ਵੱਧ ਜਾਂਦਾ ਹੈ। ਇਹ ਸਭ ਤੋਂ ਪਹਿਲਾਂ ਹੈ। ਸੁਦੀਪ ਨੇ ਵੀ ਇਹੀ ਕਿਹਾ ਹੈ ਤੇ ਇਹ ਪੂਰੀ ਤਰ੍ਹਾਂ ਸਹੀ ਹੈ। ਹਰ ਕਿਸੇ ਨੂੰ ਇਹ ਪ੍ਰਵਾਨ ਕਰਨਾ ਚਾਹੀਦਾ ਹੈ ਤੇ ਇਸ ਦਾ ਸਨਮਾਨ ਕਰਨਾ ਚਾਹੀਦਾ ਹੈ।' ਜ਼ਿਕਰਯੋਗ ਹੈ ਕਿ ਪਿਛਲੇ ਹਫ਼ਤੇ ਕਿੱਚਾ ਸੁਦੀਪ ਨੇ ਕਿਹਾ ਸੀ, 'ਹਿੰਦੀ ਸਾਡੀ ਕੌਮੀ ਭਾਸ਼ਾ ਨਹੀਂ ਰਹੀ।' ਇਸ ਦੇ ਜਵਾਬ ਵਿੱਚ ਅਜੈ ਦੇਵਗਨ ਨੇ ਬੀਤੇ ਦਿਨ ਟਵੀਟ ਕੀਤਾ ਸੀ, 'ਮੇਰੇ ਭਰਾ ਜੇ ਤੁਹਾਨੂੰ ਅਨੁਸਾਰ ਹਿੰਦੀ ਸਾਡੀ ਕੌਮੀ ਭਾਸ਼ਾ ਨਹੀਂ ਹੈ ਤਾਂ ਤੁਸੀਂ ਆਪਣੀ ਮਾਂ-ਬੋਲੀ ਵਾਲੀਆਂ ਫਿਲਮਾਂ ਹਿੰਦੀ 'ਚ ਡੱਬ ਕਰਕੇ ਰਿਲੀਜ਼ ਕਿਉਂ ਕਰਦੇ ਹੋ? ਹਿੰਦੀ ਸਾਡੀ ਮਾਂ ਬੋਲੀ ਤੇ ਕੌਮੀ ਭਾਸ਼ਾ ਸੀ, ਹੈ ਤੇ ਹਮੇਸ਼ਾ ਰਹੇਗੀ। ਜਨ ਗਨ ਮਨ।' ਆਮ ਤੌਰ 'ਤੇ ਵਿਵਾਦਾਂ ਦੂਰ ਰਹਿਣ ਵਾਲੇ ਕਾਂਗਰਸ ਆਗੂ ਸਿੱਧਾਰਮੱਈਆ ਨੇ ਅਦਾਕਾਰ ਦੇ ਟਵੀਟ ਦਾ ਵਿਰੋਧ ਕਰਦਿਆਂ ਕਿਹਾ, 'ਹਿੰਦੀ ਕਦੀ ਵੀ ਸਾਡੀ ਕੌਮੀ ਭਾਸ਼ਾ ਨਹੀਂ ਸੀ ਤੇ ਨਾ ਹੀ ਹੋਵੇਗੀ।' ਉਨ੍ਹਾਂ ਅਜੈ ਦੇਵਗਨ ਨੂੰ ਭਾਜਪਾ ਦੇ ਹਿੰਦੀ ਰਾਸ਼ਟਰਵਾਦ ਦਾ ਬੁਲਾਰਾ ਤੇ ਸੁਭਾਅ ਤੋਂ ਗੁਸੈਲ ਦਸਦਿਆਂ ਕਿਹਾ, 'ਸਾਡੇ ਦੇਸ਼ ਦੀ ਭਾਸ਼ਾਈ ਵੰਨ-ਸੁਵੰਨਤਾ ਦੀ ਇੱਜ਼ਤ ਕਰਨਾ ਹਰ ਭਾਰਤੀ ਦੀ ਜ਼ਿੰਮੇਵਾਰੀ ਹੈ। ਹਰ ਭਾਸ਼ਾ ਦਾ ਆਪਣਾ ਇੱਕ ਅਮੀਰ ਵਿਰਸਾ ਹੈ ਅਤੇ ਲੋਕਾਂ ਨੂੰ ਇਸ 'ਤੇ ਮਾਣ ਹੋਣਾ ਚਾਹੀਦਾ ਹੈ। ਮੈਨੂੰ ਕੰਨੜ ਹੋਣ 'ਤੇ ਮਾਣ ਹੈ।' ਇਸੇ ਦੌਰਾਨ ਜਨਤਾ ਦਲ (ਐੱਸ) ਦੇ ਆਗੂ ਐੱਚਡੀ ਕੁਮਾਰਸਵਾਮੀ ਨੇ ਸੁਦੀਪ ਨੂੰ ਸਹੀ ਦਸਦਿਆਂ ਕਿਹਾ ਕਿ ਕੰਨੜ, ਤੇਲਗੂ, ਤਾਮਿਲ, ਮਲਿਆਲਮ ਤੇ ਮਰਾਠੀ ਦੀ ਤਰ੍ਹਾਂ ਹੀ ਹਿੰਦੀ ਵੀ ਇੱਕ ਭਾਸ਼ਾ ਹੈ ਤੇ ਉਸ ਦੇ ਬਿਆਨ 'ਚ ਕੁਝ ਵੀ ਗਲਤ ਨਹੀਂ ਹੈ। ਉਨ੍ਹਾਂ ਕਿਹਾ ਕਿ ਭਾਰਤ ਭਾਸ਼ਾਵਾਂ ਦਾ ਬਾਗ ਹੈ ਤੇ ਕਿਸੇ ਨੂੰ ਵੀ ਇਸ ਨੂੰ ਉਜਾੜਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ।

# ਚੰਨੀ ਦੇ ਭਾਣਜੇ ਹਨੀ ਦੀ ਜ਼ਮਾਨਤ ਤੇ ਸੁਣਵਾਈ 30 ਨੂੰ

ਜਲੰਧਰ-ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ



ਚੰਨੀ ਦੇ ਭਾਣਜੇ ਭੁਪਿੰਦਰ ਸਿੰਘ ਹਨੀ ਦੀ ਜ਼ਮਾਨਤ ਬਾਰੇ ਜ਼ਿਲ੍ਹਾ ਤੇ ਸੈਸ਼ਨ ਜੱਜ ਰੁਪਿੰਦਰਜੀਤ ਕੌਰ ਚਾਹਲ ਦੀ ਅਦਾਲਤ ਵਿਚ ਸੁਣਵਾਈ ਹੋਈ। ਅਦਾਲਤ ਨੇ ਇਸ ਮਾਮਲੇ ਵਿਚ ਅਜੇ ਕੋਈ ਫ਼ੈਸਲਾ ਨਹੀਂ ਦਿੱਤਾ ਸਗੋਂ ਅਗਲੀ ਤਰੀਕ 30 ਅਪਰੈਲ ਤੈਅ ਕਰ ਦਿੱਤੀ ਹੈ। ਜ਼ਿਕਰਯੋਗ ਹੈ ਕਿ ਭੁਪਿੰਦਰ ਸਿੰਘ ਹਨੀ ਤੇ ਉਸ ਦੇ ਦੋਸਤ ਕੁਦਰਤਦੀਪ ਸਿੰਘ ਨੇ ਮਾਰਚ ਦੇ ਅਖ਼ੀਰ ਵਿਚ ਚਾਰਜਸ਼ੀਟ ਦਾਖ਼ਲ ਕਰਵਾਈ ਸੀ। ਦੋਵਾਂ ਮੁਲਜ਼ਮਾਂ ਭੁਪਿੰਦਰ ਸਿੰਘ ਹਨੀ ਤੇ ਕੁਦਰਤਦੀਪ ਸਿੰਘ ਨੇ ਜ਼ਿਲ੍ਹਾ ਸੈਸ਼ਨ ਅਦਾਲਤ 'ਚ ਜ਼ਮਾਨਤ ਦੀ ਅਰਜ਼ੀ ਲਾਈ ਹੋਈ ਸੀ ਪਰ ਇਸ ਬਾਰੇ ਕੋਈ ਫ਼ੈਸਲਾ ਨਹੀਂ ਹੋਇਆ। ਯਾਦ ਰਹੇ ਕਿ ਈਡੀ ਦੀ ਟੀਮ ਨੇ ਹਨੀ ਦੇ ਵੱਖ-ਵੱਖ ਟਿਕਾਣਿਆਂ ਤੋਂ 10 ਕਰੋੜ ਦੀ ਨਗਦੀ ਤੇ ਹੋਰ ਕੀਮਤੀ ਸਾਮਾਨ ਬਰਾਮਦ ਕੀਤਾ ਸੀ।


# ਗੁਰਮੀਤ ਰਾਮ ਰਹੀਮ ਬਣਿਆ ਰਹੇਗਾ ਡੇਰਾ ਮੁਖੀ

ਸਿਰਸਾ-ਡੇਰਾ ਸਿਰਸਾ ਦੇ ਸਥਾਪਨਾ ਦਿਵਸ ਮੌਕੇ ਅੱਜ ਡੇਰੇ 'ਚ ਵੱਡਾ ਇਕੱਠ ਹੋਇਆ। ਇਸ ਦੌਰਾਨ ਡੇਰਾ ਮੁਖੀ ਵੱਲੋਂ ਭੇਜੀ ਚਿੱਠੀ ਪ੍ਰੇਮੀਆਂ ਨੂੰ ਪੜ੍ਹ ਕੇ ਸੁਣਾਈ ਗਈ, ਜਿਸ ਵਿੱਚ ਖੁਦ ਡੇਰਾ ਮੁਖੀ ਹੋਣ ਦਾ ਜ਼ਿਕਰ ਕੀਤਾ ਗਿਆ ਹੈ ਤੇ ਡੇਰੇ ਵੱਲੋਂ ਸ਼ੁਰੂ ਕੀਤੇ ਲੋਕ ਭਲਾਈ ਦੇ ਕੰਮਾਂ ਨੂੰ ਜਾਰੀ ਰੱਖਣ ਦੀ ਅਪੀਲ ਕੀਤੀ। ਡੇਰੇ ਦੀ ਸਥਾਪਨਾ ਸ਼ਾਹ ਮਸਤਾਨਾ ਵੱਲੋਂ 1948 'ਚ ਕੀਤੀ ਗਈ ਸੀ। ਹਨੀਪ੍ਰੀਤ ਦੇ ਡੇਰਾ ਮੁਖੀ ਬਣਨ ਦੀਆਂ ਚੱਲ ਰਹੀਆਂ ਚਰਚਾਵਾਂ 'ਤੇ ਫੁੱਲ ਸਟਾਪ ਲੱਗ ਗਿਆ। ਡੇਰਾ ਮੁਖੀ ਵੱਲੋਂ ਲਿਖੀ ਗਈ ਚਿੱਠੀ 'ਚ ਡੇਰਾ ਮੁਖੀ ਖੁਦ ਹੀ ਬਣੇ ਰਹਿਣ ਦਾ ਜ਼ਿਕਰ ਕੀਤਾ ਗਿਆ ਹੈ। ਡੇਰਾ ਸਿਰਸਾ ਦੇ ਸਥਾਪਨਾ ਦਿਵਸ ਮੌਕੇ 'ਤੇ ਪੰਜਾਬ, ਹਰਿਆਣਾ, ਰਾਜਸਥਾਨ ਸਮੇਤ ਕਈ ਸੂਬਿਆਂ ਤੋਂ ਵੱਡੀ ਗਿਣਤੀ 'ਚ ਪ੍ਰੇਮੀ ਡੇਰਾ ਪੁੱਜੇ।



ਇਸ ਦੌਰਾਨ ਡੇਰਾ ਮੁਖੀ ਵੱਲੋਂ ਸੁਨਾਰੀਆ ਜੇਲ੍ਹ 'ਚੋਂ ਆਈ ਚਿੱਠੀ ਨੂੰ ਸੰਗਤ ਨੂੰ ਪੜ੍ਹ ਕੇ ਸੁਣਾਇਆ ਗਿਆ। ਚਿੱਠੀ ਵਿੱਚ ਖੁਦ ਡੇਰਾ ਮੁਖੀ ਬਣੇ ਰਹਿਣ ਦਾ ਜਿਥੇ ਜ਼ਿਕਰ ਹੈ ਉਥੇ ਹੀ ਡੇਰੇ ਵੱਲੋਂ ਲੋਕ ਭਲਾਈ ਦੇ ਸ਼ੁਰੂ ਕੀਤੇ ਗਏ 139 ਕਾਰਜਾਂ ਨੂੰ ਜਾਰੀ ਰੱਖਣ ਦੀ ਗੱਲ ਕਹੀ ਗਈ। ਇਸ ਦੌਰਾਨ ਕਈ ਲੋੜਵੰਦਾਂ ਨੂੰ ਵਸਤਾਂ ਦਿੱਤੀਆਂ ਗਈਆਂ ਤੇ 29 ਆਦੀਵਾਸੀ ਜੋੜਿਆਂ ਦੇ ਵਿਆਹ ਵੀ ਕਰਵਾਏ ਗਏ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਡੇਰਾ ਮੁਖੀ ਦੀ ਮੂੰਹ ਬੋਲੀ ਧੀ ਹਨੀਪ੍ਰੀਤ ਨੂੰ ਡੇਰਾ ਮੁਖੀ ਬਣਾਏ ਜਾਣ ਦੀਆਂ ਚਰਚਾਵਾਂ ਨੇ ਜ਼ੋਰ ਫੜਿਆ ਸੀ, ਜਿਸ 'ਤੇ ਡੇਰਾ ਮੁਖੀ ਵੱਲੋਂ ਆਈ ਅੱਜ ਦੀ ਚਿੱਠੀ ਮਗਰੋਂ ਸਥਿਤੀ ਸਪਸ਼ਟ ਹੋ ਗਈ ਹੈ। ਡੇਰੇ ਦੀ ਸਥਾਪਨਾ ਮੌਕੇ ਵੱਖ-ਵੱਖ ਸੂਬਿਆਂ ਤੋਂ ਆਏ ਡੇਰਾ ਪ੍ਰੇਮੀਆਂ ਕਾਰਨ ਕਈ ਸੜਕਾਂ 'ਤੇ ਲੰਮੇ ਲੰਮੇ ਜਾਮ ਲੱਗੇ ਰਹੇ। ਟਰੈਫਿਕ ਨੂੰ ਕੰਟਰੋਲ ਕਰਨ ਲਈ ਡੇਰਾ ਪ੍ਰੇਮੀਆਂ ਨੇ ਖੁਦ ਕਮਾਨ ਸੰਭਾਲੀ। ਇਸ ਦੌਰਾਨ ਕਈ ਥਾਵਾਂ 'ਤੇ ਡੇਰਾ ਪ੍ਰਬੰਧਕਾਂ ਵੱਲੋਂ ਪਾਣੀ ਆਦਿ ਦੀ ਵਿਵਸਥਾ ਕੀਤੀ ਗਈ। ਜਿਕਰਯੋਗ ਹੈ ਕਿ ਸਾਧਵਾ ਜਬਰ ਜਨਾਹ ਤੇ ਪੱਤਰਕਾਰ ਰਾਮ ਚੰਦਰ ਛਤਰਪਤੀ ਕਤਲ ਕੇਸ 'ਚ ਡੇਰਾ ਮੁਖੀ ਰੋਹਤਕ ਦੀ ਸੁਨਾਰੀਆ ਜੇਲ੍ਹ 'ਚ ਸਜ਼ਾ ਭੁਗਤ ਰਿਹਾ ਹੈ। ਡੇਰਾ ਮੁਖੀ ਦੇ ਜੇਲ੍ਹ ਜਾਣ ਮਗਰੋਂ ਮੁੜ ਤੋਂ ਡੇਰੇ ਵਿੱਚ ਵੱਡੇ ਇਕੱਠ ਕਰਕੇ ਸ਼ਕਤੀ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਹਰ ਵੱਡੇ ਇਕੱਠ ਦੌਰਾਨ ਡੇਰਾ ਮੁਖੀ ਵੱਲੋਂ ਸੰਗਤ ਦੇ ਨਾਂ ਚਿੱਠੀ ਲਿਖੀ ਜਾਂਦੀ ਹੈ, ਜੋ ਪ੍ਰਬੰਧਕਾਂ ਵੱਲੋਂ ਪੜ੍ਹ ਕੇ ਸੁਣਾਈ ਜਾਂਦੀ ਹੈ।






ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ



604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

### ਗੁਰੂ ਜੀ

1098 ਇਹ ਨੀਲੇ ਚਮਕੀਲੇ ਪੱਥਰਾਂ ਦਾ, ਤੈਨੂੰ ਬੜਾ ਸਤਾਵੇ ਮੋਹ ਸ਼ਾਹਾ।
ਕਿੰਨੇ ਮਾਵਾਂ ਦੇ ਕੀਮਤੀ ਲਾਲ, ਹੀਰੇ, ਤੁਸਾਂ ਮਾਰੇ ਨੇ ਕੋਹ ਕੋਹ ਸ਼ਾਹਾ।
ਰਾਹ ਜ਼ੁਲਮ ਦੇ ਤੁਸਾਂ ਨੇ ਫੜ ਲਏ, ਕਿਤੇ ਮਿਲਣੀ ਤੁਸਾਂ ਨਹੀਂ ਢੋ ਸ਼ਾਹਾ।
ਹੀਰੇ ਧਰਤ ਦੇ ਧਰਤ ਤੇ ਰਹਿ ਜਾਣੇ, ਫਨਾਹ ਜ਼ਾਲਮਾਂ ਜਾਣਾ ਹੈ ਹੋ ਸ਼ਾਹਾ॥

### ਬਹਾਦਰ ਸ਼ਾਹ

1099 ਅਸਲ ਮੁੱਦੇ ਤੇ ਬਾਦਸ਼ਾਹ ਫੇਰ ਆਇਆ, ਕਹਿੰਦਾ ਸੱਚੀਆਂ ਦਿਆਂ ਸੁਣਾ ਸਾਈਂ।
'ਬੰਦਾ' ਜੋ ਪੰਜਾਬ ਨੂੰ ਭੇਜਿਆ ਏ, ਲੈ ਉਸਨੂੰ ਵਾਪਸ ਬੁਲਾ ਸਾਈਂ।
ਮੈਂ ਨਾਲ ਲਿਹਾਜ ਦੇ ਗੱਲ ਕੀਤੀ, ਨਹੀਂ ਦੇਸਾਂ ਸਜ਼ਾ ਸੁਣਾ ਸਾਈਂ।
ਮੁਜ਼ਰਮ ਆਪਦੇ ਕਰੂੰ ਸਪੁਰਦ ਛੇਤੀ, ਐਵੇਂ ਚਿੱਤ ਨਾ ਰਤਾ ਡੁਲਾ ਸਾਈਂ॥
1100 ਅਗਰ ਆਪ ਨੇ ਸਾਡੀ ਨਾ ਗੱਲ ਮੰਨੀ, ਅਸਾਂ ਵੱਲ ਪੰਜਾਬ ਦੇ ਜਾਵਣਾ ਏ।
ਹਿੱਸਾ ਜਿਸ ਬਗਾਵਤਾਂ ਵਿਚ ਲਿਆ, ਫੜ ਉਸਦਾ ਤੁਖਮ ਮੁਕਾਵਣਾ ਏ।
ਕਈ ਸਦੀਆਂ ਰੱਖਣਗੇ ਯਾਦ ਲੋਕੀ, ਜ਼ਬਰ ਉਨ੍ਹਾਂ ਤੇ ਇਹੋ ਜਾ ਢਾਵਣਾ ਏ।
ਹਰਚੰਦ ਸਿੰਘਾ ਰਹੀ ਨਾ ਕਸਰ ਪਹਿਲਾਂ, ਤੁਸਾਂ ਮੁੜ ਕਿਉਂ ਜੱਗ ਮਰਵਾਵਣਾ ਏ॥

### ਗੁਰੂ ਜੀ

1101 ਸਾਡੀ ਗੱਲ ਅਣਗੌਲੀ ਤੈਂ ਕੀਤੀ, ਸ਼ਾਹਾ ਆਪ ਲਿਹਾਜ਼ਾਂ ਪਾਲੀਆਂ ਨੇ।
ਟੇਟੇ ਚੜ੍ਹ ਕੇ ਮੁੱਲਾਂ-ਕਾਜ਼ੀਆਂ ਦੇ, ਚੱਕ ਪੌੜੀਆਂ ਨਰਕ ਨੂੰ ਲਾ ਲਈਆਂ ਨੇ।
ਤੈਂ ਮਾਸੂਮਾਂ ਦੇ ਕਾਤਲਾਂ ਨੂੰ, ਤੱਕ ਨਵਾਬੀਆਂ ਮੁੜ ਸੰਭਾਲੀਆਂ ਨੇ।
ਹਰਚੰਦ ਸਿੰਘਾ ਉਨ੍ਹਾਂ ਨਾ ਸੁੱਖ ਪਾਇਆ, ਨੀਤਾਂ ਰੱਖੀਆਂ, ਜਿਨ੍ਹਾਂ ਨੇ ਕਾਲੀਆਂ ਨੇ॥

1102 ਅੰਧਮੂਲ ਪੰਜਾਬ ਦੇ ਵਿੱਚ ਉਠੂ, ਇਹ ਰੋਕਿਆਂ ਮੂਲ ਨਾ ਰੁਕਣਾ ਏ।
ਜਿਨ੍ਹਾਂ ਉਤੇ ਰਾਜਿਆਂ ਮਾਣ ਤੈਨੂੰ, ਉਨ੍ਹਾਂ ਵਿਚ ਮੈਦਾਨ ਦੇ ਮੁੱਕਣਾ ਏ।
ਸਜ਼ਾ ਜਿਨ੍ਹਾਂ ਨੂੰ ਦੇਣ ਤੋਂ ਡਰਦਾ ਏਂ, ਉਥੇ ਸਿੰਘਾਂ ਨੇ ਜਾ ਕੇ ਢੁੱਕਣਾ ਏ।
ਹਰਚੰਦ ਸਿੰਘਾ ਹੋਣੀਆਂ ਕਦ ਮੁੜੀਆਂ, ਸ਼ੇਰਾਂ ਵਿਚ ਪੰਜਾਬ ਦੇ ਬੁੱਕਣਾ ਏ॥

1103 ਤੈਨੂੰ ਰਾਜ ਤੇ ਰੱਬ ਨੇ ਦੇ ਦਿੱਤਾ, ਪਰ ਛੇਤੀ ਉਸਨੇ ਖੋਵਣਾ ਏ।
ਜਿੱਥੇ ਨੀਤ ਕਾਲੀ ਉਥੇ ਭਾਗ ਕਾਲੇ, ਇਹ ਤਾਜ ਨਾ ਸਿਰ ਤੇ ਹੋਵਣਾ ਏ।
ਤੂੰ ਜਦ ਪੰਜਾਬ ਦੇ ਵਿਚ ਗਿਆ, ਤੈਨੂੰ ਤੇਰੀਆਂ ਬੇਗ਼ਮਾਂ ਰੋਵਣਾ ਏ।
ਜਿਵੇਂ ਤੇ ਭਰਾਵਾਂ ਦਾ ਖ਼ੂਨ ਚੋਇਆ, ਤੇਰੇ ਪੁੱਤਾਂ ਦਾ ਖ਼ੂਨ ਵੀ ਚੋਵਣਾ ਏ॥

1104 ਅੱਤ ਜਿਨ੍ਹਾਂ ਜਹਾਨ ਤੇ ਹੈ ਚੱਕੀ, ਉਹੋ ਅੱਤ ਨੇ ਅੰਤ ਖੁਆਰ ਕੀਤੇ।
ਅੱਤ ਚੱਕੀ ਜਦੋਂ ਕਾਰਵਾਂ ਨੇ, ਉਹੋ ਪਾਂਡਵਾਂ ਭੋਏਂ ਭਾਰ ਕੀਤੇ।
ਸੀਤਾ ਰਾਵਣ ਨੇ ਕਰਕੇ ਅੱਤ ਚੁੱਕੀ, ਲਛਮਣ ਰਾਮ ਨੇ ਉਸ ਤੇ ਵਾਰ ਕੀਤੇ।
ਹਰਚੰਦ ਸਿੰਘਾ ਸੁਖੀ ਨਾ ਰਿਹਾ ਕੋਈ, ਜਿਨ੍ਹਾਂ ਲੋਕਾਂ ਤੇ ਅੱਤਿਆਚਾਰ ਕੀਤੇ॥

1105 ਅਸਾਂ ਤੈਨੂੰ ਨਹੀਂ ਸਰਾਫ਼ ਦਿੱਤਾ, ਇਹ ਤਾਂ ਹੁਕਮ ਪੁਰਖ ਅਕਾਲ ਦਾ ਏ।
ਬਹਾਨਾ ਬਣਨਾ ਤੇਰੇ ਜਾਣ ਦਾ ਏ, ਕਾਲ ਤੈਨੂੰ ਪੰਜਾਬ ਵਿਚ ਭਾਲਦਾ ਏ।
ਤੇਰੇ ਪਿੱਛੋਂ ਸਫਾਇਆ ਹੋ ਜਾਣਾ, ਅੰਤ ਨੇੜੇ ਮੁਗਲ ਕਾਲ ਦਾ ਏ।
ਹਰਚੰਦ ਸਿੰਘ ਮਲੀਆਮੇਟ ਕਰਦਾ, ਇੱਕੋ ਝਟਕਾ ਜਿਵੇਂ ਭੁਚਾਲ ਦਾ ਏ॥

1106 ਗ਼ਲਤ ਰਾਹਾਂ ਤੇ ਜਿਨ੍ਹਾਂ ਨੇ ਪਾ ਦਿੱਤਾ, ਤੇਰੇ ਪਛਤਾਉਣਗੇ ਅਹਿਲਕਾਰ ਮੀਆਂ।
ਉਨ੍ਹਾਂ ਆਣ ਖੁਆਰੀਆਂ ਹੋਣੀਆਂ ਨੇ, ਬਦਲ ਜਾਣੀ ਜਦ ਸਰਕਾਰ ਮੀਆਂ।
ਰਾਜ ਹੋਣਾ ਪੰਜਾਬ ਵਿਚ ਖਾਲਸੇ ਦਾ, ਉਹੋ ਲੈਣਗੇ ਵਾਹ ਕਟਾਰ ਮੀਆਂ।
ਹਰਚੰਦ ਸਿੰਘਾ ਬੀਜਿਆ ਵੱਢਣਾ ਏ, ਖੇਤਾਂ ਵਿਚੋਂ ਆਖਰਕਾਰ ਮੀਆਂ॥

1107 ਰਾਜਪੂਤ, ਮਰਹਟੇ ਵੀ ਉਠ ਪੈਣੇ, ਜਦ ਅੱਗ ਪੰਜਾਬ ਵਿਚ ਮੱਚਣੀ ਏ।
ਮੁਗਲ ਫੌਜ ਤੋਂ ਪੈਣੀ ਠੱਲ ਨਾਹੀ, ਜਦ ਮੌਤ ਮੈਦਾਨੇ ਨੱਚਣੀ ਏ।
ਰਾਜ ਤੇਰਾ ਸਰੀਕਾਂ ਨੇ ਖੋਹ ਲੈਣਾ, ਔਲਾਦ ਤੇਰੀ ਕੋਈ ਨਾ ਬਚਣੀ ਏ।
ਹਰਚੰਦ ਸਿੰਘਾ ਕਰਲੈ ਜੋ ਕਰਨਾ, ਇਹ ਹੋਣੀ ਹੋਣੋ ਨਾ ਹਟਣੀ ਏ॥

1108 ਜਾਓ ਸ਼ਾਹ ਜੀ ਕਰੋ ਬਾਦਸ਼ਾਹੀ ਜਿੰਨਾਂ ਵਕਤ ਤੁਹਾਡੇ ਪਾਸ ਮੀਆਂ।
ਬਹਿਸ ਚੰਗੀ ਫ਼ਕੀਰਾਂ ਦੇ ਨਾਲ ਨਾਹੀ, ਅਸੀਂ ਰੱਬ ਦੇ ਹੋਏ ਦਾਸ ਮੀਆਂ।
ਸਾਡੀ ਤੁਸਾਂ ਨੇ ਜੋ ਵੀ ਸੇਵ ਕੀਤੀ, ਉਸ ਵਾਸਤੇ ਤੇਰਾ ਸਾਵਾਸ ਮੀਆਂ।
ਹਰਚੰਦ ਸਿੰਘਾ ਹੋਣਾ ਜੋ ਦੱਸ ਦਿੱਤਾ, ਕੀਤਾ ਆਪ ਤੂੰ ਸੱਤਿਆਨਾਸ ਮੀਆਂ॥

### ਗੁਰੂ ਜੀ ਨੇ ਨੰਦ ਲਾਲ ਨੂੰ ਸਲਾਹ ਦੇਣੀ

1109 ਨੰਦ ਲਾਲਾ ਨਹੀਂ ਕਸੂਰ ਤੇਰਾ, ਤੂੰ ਤੇ ਆਪਣਾ ਫਰਜ਼ ਨਿਭਾਇਆ ਏ।
ਇਸ ਵਿਚੋਂ ਮੁਅੱਜ਼ਮ ਹੈ ਮਰ ਚੁੱਕਾ, ਬਹਾਦਰ ਸ਼ਾਹ ਇਹ ਬਣ ਕੇ ਆਇਆ ਏ।
ਛੱਡ ਚਾਕਰੀ ਏਸ ਦੀ ਭਜਨ ਕਰ ਲੈ, ਤੈਨੂੰ ਅਸਾਂ ਨੇ ਬਚਨ ਸੁਣਾਇਆ ਏ।
ਇਸ ਨਾਲ ਨਾ ਡੁੱਬੀਂ ਹਰਚੰਦ ਸਿੰਘਾ, ਬੇੜਾ ਮੂੰਹ ਤੂਫ਼ਾਨ ਦੇ ਆਇਆ ਏ॥

### ਬਹਾਦਰ ਸ਼ਾਹ ਦਾ ਖਰੀਆਂ ਸੁਣਕੇ ਗੁੱਸੇ ਵਿਚ ਚਲੇ ਜਾਣਾ

1110 ਸ਼ਾਹ ਚੱਲਿਆ ਪਾ ਕੇ ਵੱਟ ਮੱਥੇ, ਸੱਚ ਸੁਣ ਕੇ ਸਰਮਸ਼ਾਰ ਹੋਇਆ।
ਗੁਰਾਂ ਹੱਸ ਕੇ ਉਸਨੂੰ ਵਿਦਾ ਕੀਤਾ, ਵਾਅਦੇ ਤੋੜ ਕੇ ਉਹ ਲਾਚਾਰ ਹੋਇਆ।
ਡਰ ਮੌਤ ਦਾ ਉਸਨੂੰ ਖਾਣ ਲੱਗਾ, ਅੰਦਰ ਉਸਦਾ ਤਾਰੋ-ਤਾਰ ਹੋਇਆ।
ਹਰਚੰਦ ਸਿੰਘਾ ਆਪਣੇ ਬਾਪ ਵਾਂਙੂ, ਮਾਨਸਿਕ ਤੌਰ ਤੇ ਉਹ ਬਿਮਾਰ ਹੋਇਆ॥

### ਕਵੀਓ ਵਾਚ

1111 ਅਹਿਮਦ ਨਗਰ ਤੋਂ ਆਇਆ ਚੜ੍ਹਕੇ ਜੋ, ਖਾ ਕੇ ਮਨ ਦੇ ਵਿਚ ਸੀ ਖਾਰ ਤੁਰਿਆ।
ਮਾਰੀ ਮਾਰ ਸੀ ਗੁਰਾਂ ਨੇ ਸ਼ਬਦਾਂ ਦੀ, ਬਹਾਦਰ ਸ਼ਾਹ ਸੀ ਮੰਨ ਕੇ ਹਾਰ ਤੁਰਿਆ।
ਝੱਲੀ ਤਾਬ ਨਾ ਗੁਰਾਂ ਦੇ ਤੇਜ ਵਾਲੀ, ਉਹ ਤੇ ਹੋ ਗੋਦਾਵਰੀ ਪਾਰ ਤੁਰਿਆ।
ਮਾਨ ਫੌਜਾਂ ਤੇ ਬੜਾ ਹਰਚੰਦ ਸਿੰਘਾ, ਕੰਡ ਆਪਣੀ ਉਹ ਉਤਾਰ ਤੁਰਿਆ॥

### ਸਤਿਗੁਰਾਂ ਦੀ ਜਾਨ ਲੈਣ ਦੀ ਗੋਂਦ ਗੁੰਦਣੀ

1112 ਬਹਾਦਰ ਸ਼ਾਹ ਤੇ ਉਸਦੇ ਨਾਲ ਆਏ, ਸੜ ਭੁੱਜ ਕੇ ਵਾਪਸ ਜਾਂਵਦੇ ਨੇ।
ਸ਼ਾਹੀ ਡੇਰੇ ਪਹੁੰਚ ਕੇ ਉਹ ਸਾਰੇ, ਮਜਲਸ ਆਪਣੀ ਰਲ ਕੇ ਲਾਂਵਦੇ ਨੇ।
ਗੁਰੂ ਸਾਹਿਬ ਨੂੰ ਜਾਨੋ ਮੁਕਾਵਣੇ ਦੀ, ਵਿਉਂਤ ਬੈਠਕੇ ਉਹ ਬਣਾਂਵਦੇ ਨੇ।
ਨੰਦ ਲਾਲ ਜੀ ਉਥੇ ਹਰਚੰਦ ਸਿੰਘਾ, ਵਿੱਚ ਨਾਂਹ ਦੇ ਸਿਰ ਹਿਲਾਂਵਦੇ ਨੇ॥

### ਨੰਦ ਲਾਲ ਨੇ ਛੁੱਟੀ ਲੈਣੀ ਅਤੇ ਮੁੜ ਕੇ ਨਾ ਆਉਣਾ

1113 ਨੰਦ ਲਾਲ ਨੇ ਸ਼ਾਹ ਤੋਂ ਲੈ ਛੁੱਟੀ, ਘਰ ਵੱਲ ਨੂੰ ਚਾਲਾ ਪਾਇਆ ਏ।
ਬਚਨ ਗੁਰਾਂ ਦੇ ਲਏ ਬੰਨ ਪੱਲੇ, ਉਹ ਮੁੜ ਨਾ ਵਾਪਸ ਆਇਆ ਏ।
ਜ਼ੋਰ ਸ਼ਾਹ ਤੇ ਪਿਆ ਮੌਲਾਣਿਆਂ ਦਾ, ਵਾਪਸ ਉਨ੍ਹਾਂ ਵੀ ਨਹੀਂ ਬੁਲਾਇਆ ਏ।
ਵਕਤ ਆਪਣਾ ਉਸ ਹਰਚੰਦ ਸਿੰਘਾ, ਜਿਵੇਂ ਲੰਘਿਆ ਉਵੇਂ ਲੰਘਾਇਆ ਏ॥

### ਮੰਤਰੀਆਂ ਅਤੇ ਕਾਜੀਆਂ ਸ਼ਾਹ ਦੇ ਕੰਨ ਭਰਨੇ

1114 ਗੁਸਤਾਖ਼ੀ ਹਿੰਦੂ ਪੀਰ ਨੇ ਢੇਰ ਕੀਤੀ, ਸਹਿਨਸ਼ਾਹ ਨੂੰ ਨੀਚਾ ਦਿਖਾਇਆ ਏ।
ਆਪ ਬੈਠਾ ਉਚਾ ਅਸਥਾਨ ਕਰਕੇ, ਜਹਾਂ ਪਨਾਹ ਨੂੰ ਹੇਠ ਬਹਾਇਆ ਏ।
ਗੋਂਦ ਗੁੰਦੀ ਉਸ ਬਗਾਵਤਾਂ ਦੀ, ਆਪਣੇ ਮੂੰਹੋਂ ਆਖ ਸੁਣਾਇਆ ਏ।
ਰਾਜਪੂਤਾਂ ਅਤੇ ਮਰਾਠਿਆਂ ਨੂੰ, ਹਰਚੰਦ ਸਿੰਘਾ ਉਕਸਾਨ ਇਹ ਆਇਆ ਏ॥

1115 ਬਗਾਵਤ ਵਿੱਚ ਪੰਜਾਬ ਦੇ ਕਰਨ ਲਈ, ਭੇਜ ਦਿੱਤਾ ਬੰਦਾ ਮਰਦੂਦ ਮੀਆਂ।
ਸਾਰੀ ਉਮਰ ਇਹ ਟਿਕ ਕੇ ਬੈਠਿਆ ਨਹੀਂ, ਰਿਹਾ ਕਰਦਾ ਬੜਾ ਖਰੂਦ ਮੀਆਂ।
ਸਹਿਨਸ਼ਾਹ ਨੂੰ ਉਸ ਡਰਾ ਦਿੱਤਾ, ਤੇਰਾ ਮੁੱਕੂ ਪੰਜਾਬੇ ਵਜੂਦ ਮੀਆਂ।
ਹਰਚੰਦ ਸਿੰਘਾ ਚਿਹਰੇ ਤੋਂ ਜਾਪਦਾ ਸੀ, ਉਹ ਤੇ ਬੰਦਾ ਹੈ ਨਿਰਾ ਬਰੂਦ ਮੀਆਂ॥

1116 ਹੁਕਮ ਹੋਵੇ ਸਰਕਾਰ ਦਾ ਅਸੀਂ ਉਸਨੂੰ, ਬੰਨ੍ਹ ਆਪਦੇ ਕੋਲ ਲਿਆਈਏ ਜੀ।
ਖ਼ਤਰਨਾਕ ਨੇ ਹੋਂਵਦੇ ਸ਼ੇਰ ਖੁੱਲ੍ਹੇ, ਫੜ ਲੋਹੇ ਦੇ ਪਿੰਜਰੇ ਪਾਈਏ ਜੀ।
ਜਿਵੇਂ ਆਪ ਦੇ ਬਾਪ ਨੇ ਬਾਪ ਇਸਦਾ, ਅਲਖ ਇਸਦੀ ਉਂਝ ਮੁਕਾਈਏ ਜੀ।
ਹਰਚੰਦ ਸਿੰਘਾ ਆਪਣੀ ਬਾਦਸ਼ਾਹੀ, ਨਾਲੇ ਇਸਲਾਮ ਦੀ ਸ਼ਾਨ ਬਚਾਈਏ ਜੀ॥

*(ਬਾਕੀ ਅਗਲ ਅੰਕ ਵਿਚ)*

49 YEARS OF EXCELLENCE
1973 THE LINK GROUP 2021
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਸਪੈਸ਼ਲ ਸੇਲ !
www.dream-carpets.com
dream
carpets
Shaw FLOORS
Ansonylon
STAINMASTER CARPET
ClearTouch
from $1.98 SF
Berber
Installed
Textured Saxony
Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From
.78 cent
Berber
Starts From
.78 cent
Area Rug (5x8)
Starts From
$68
ਘੱਟ ਕੀਮਤਾਂ ਦੀ
ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਜੰਮਪਲ ਜੱਟ ਸਿੱਖ, ਨਸ਼ਿਆਂ ਤੋਂ ਰਹਿਤ, ਵਧੀਆ ਜੌਬ ਕਰਦਾ, ਉਮਰ 38, ਕੱਦ 5'8". ਥੋੜ੍ਹੀ ਜਿਹੀ ਡਿਸਪੈਰਿਟੀ, ਦੇਖਣ ਨੂੰ ਨਾਰਮਲ ਲੜਕੇ ਲਈ ਕੈਨੇਡੀਅਨ ਸਿਟੀਜ਼ਨ/ਪੀ.ਆਰ./ ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਡਿਸਪੈਰਿਟੀ ਵਾਲੀ ਲੜਕੀ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 778-760-3981, Email: kashkaur59@gmail.com

may 07

---

ਕੈਨੇਡੀਅਨ ਜੰਮਪਲ ਜੱਟ ਸਿੱਖ, ਬਹੁਤ ਹੀ ਸਾਊ, ਨਸ਼ਿਆਂ ਤੋਂ ਰਹਿਤ, ਵਧੀਆ ਜੌਬ ਕਰਦਾ ਲੜਕਾ, ਉਮਰ 37, ਕੱਦ 5'9" ਲਈ ਕੈਨੇਡੀਅਨ ਸਿਟੀਜ਼ਨ/ਪੀ.ਆਰ./ ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਤਲਾਕਸ਼ੁਦਾ ਬਿਨਾਂ (ਬਿਨਾਂ ਬੱਚੇ ਤੋਂ ) ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 604-901-9044

may 07

---

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 30 ਸਾਲ, ਕੱਦ 5'9", ਕਲੀਨ ਸ਼ੇਵ, ਲੜਕੇ ਦਾ ਆਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ-604-710-7593

ap23

---

ਲੁਧਿਆਣੇ ਨਾਲ ਸਬੰਧਤ ਕੈਨੇਡਾ ਵਿਚ ਰਹਿ ਰਹੇ 30 ਸਾਲਾ, ਕੱਦ 5'8" ਰਾਮਗੜ੍ਹੀਆ ਧਨੀ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਵਰਕ ਪਰਮਿਟ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਭਾਰਤ ਵਿਚ ਵੈੱਲ ਸੈਟਲਡ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ- 8427795577 (ਵਟਸ ਐਪ), ਕਾਲ: 7788896191//2363308884

mar 12

## MATRIMONIALS

### ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਕੈਨੇਡੀਅਨ ਪੀ ਆਰ , ਉਮਰ 29 ਸਾਲ, ਕੱਦ 5 ਫੁੱਟ 6 ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-ਫੋਨ ਨੰਬਰ 91-77105-45804 (ਵੈਟਸਐਪ)

---

ਜੱਟ ਸਿੱਖ ਪਰਿਵਾਰ ਆਪਣੀ ਲੜਕੀ ਉਮਰ 25 ਸਾਲ, ਕੱਦ 5'4", ਸੋਹਣੀ ਸੁਨੱਖੀ , ਐੱਮ.ਬੀ.ਬੀ.ਐੱਸ. (MBBS) ਲਈ ਲੜਕੇ ਦੀ ਤਲਾਸ਼ ਕਰ ਰਹੇ ਹਨ। ਲੜਕਾ ਡਾਕਟਰ ਅਤੇ ਜੱਟ ਸਿੱਖ ਪਰਿਵਾਰ ਦਾ ਹੋਣਾ ਚਾਹੀਦਾ ਹੈ ਅਤੇ ਕੈਨੇਡਾ ਦਾ ਨਾਗਰਿਕ ਜਾਂ ਪੀ.ਆਰ. ਹੋਣਾ ਚਾਹੀਦਾ ਹੈ। ਲੜਕੀ ਦਾ ਪਰਿਵਾਰ ਵੈਨਕੂਵਰ ਬਹੁਤ ਮਸ਼ਹੂਰ ਅਤੇ ਵਧੀਆ ਸੈਟਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ:604-377-4085

---

### ਜੀਵਨ ਸਾਥਣ ਦੀ ਲੋੜ

50+ ਸਾਲਾਂ ਕਨੇਡੀਅਨ ਸਿਟੀਜ਼ਨ ਵਿਧਵਾ ਵਿਅਕਤੀ, ਬਹੁਤ ਸੁੰਦਰ, ਅਥਲੀਟ, ਬਹੁਤ ਜਵਾਨ,ਲਈ ਪੀ ਆਰ ਜਾਂ ਕਨੇਡੀਅਨ ਸਿਟੀਜ਼ਨ ਜੀਵਨ ਸਾਥਣ ਦੀ ਲੋੜ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ। ਨਵੇਂ ਇੰਮੀਗਰਾਂਟ ਵੀ ਸਪੰਰਕ ਕਰ ਸਕਦੇ ਹਨ। ਸੰਪਰਕ-604-765-8531

may 07

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿੱਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ। ਅੱਜ ਹੀ ਸੰਪਰਕ ਕਰੋ: 604-307-7008

---

ਸਟੋਰ ਤੇ ਕੰਮ ਕਰਨ ਲਈ ਲੜਕੀਆ ਦੀ ਲੋੜ ਹੈ। ਵਧੀਆ ਤਨਖਾਹ ਦੀਤੀ ਜਾਵਗੀ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-339-2389

## EMPLOYMENTS

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ. ਜੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚੱਲੇਗਾ। ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੋਵੇਗਾ। ਸਾਨੂੰ ਡਰਾਈਵਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ-ਚਰਨਜੀਤ ਕੌਰ 604-309-8705

---

### ਵਰਕਰਾਂ ਦੀ ਲੋੜ

ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।

ਅੱਜ ਹੀ ਸੰਪਰਕ ਕਰੋ:

ਸਾਹਿਬ ਸਿੰਘ : 778-863-9000

## EMPLOYMENTS

### ਡਿਲਵਰੀ ਪਰਸਨ ਦੀ ਲੋੜ

ਬਰਨਬੀ ਵਿੱਚ ਸਥਿਤ ਇੰਡੀਅਨਲਾਈਫ ਫੂਡ ਕਾਰਪੋਰੇਸ਼ਨ ਵਾਲਿਆਂ ਨੂੰ ਫੁੱਲ-ਟਾਈਮ ਡਿਲੀਵਰੀ ਵਿਅਕਤੀ ਦੀ ਜ਼ਰੂਰਤ ਹੈ। ਊਰਜਾਵਾਨ, ਮਿਹਨਤੀ, ਉਤਸ਼ਾਹੀ ਅਤੇ ਟੀਮ ਪਲੇਅਰ ਹੋਵੇ। ਕਲਾਸ 5 ਦਾ ਡਰਾਈਵਰ ਲਾਇਸੰਸ ਅਤੇ ਸਾਫ਼ ਡਰਾਈਵਿੰਗ ਦਾ ਰਿਕਾਰਡ ਹੋਣਾ ਲਾਜ਼ਮੀ। ਅੰਗਰੇਜ਼ੀ ਵਿੱਚ ਗਲਬਾਤ ਕਰਨ ਦੇ ਯੋਗ ਹੋਣਾ ਚਾਹੀਦਾ ਹੈ। ਅਪਲਾਈ ਕਰਨ ਸਮੇਂ ਕ੍ਰਿਪਾ ਕਰਕੇ ਆਪਣੇ ਡਰਾਈਵਰ ਐਬਸਟਰੈਕਟ ਦੀ ਇੱਕ ਕਾਪੀ ਲਿਆਓ। ਹੋਰ ਜਾਣਕਾਰੀ ਲਈ ਸੰਪਰਕ ਕਰ:604-298-5000

ap 23

# ਮਜ਼ਬੂਤ ਹੈ ਸਾਡਾ ਸਭਿਆਚਾਰ-ਰਕੁਲਪ੍ਰੀਤ ਸਿੰਘ

ਦੱਖਣ ਭਾਰਤੀ ਫਿਲਮਾਂ ਤੋਂ ਐਕਟਿੰਗ ਸ਼ੁਰੂ ਕਰਨ ਵਾਲੀ ਰਕੁਲਪ੍ਰੀਤ ਸਿੰਘ ਅੱਜਕੱਲ੍ਹ ਬਿਜ਼ੀ ਹੈ। ਸਿਨੇਮਾਘਰਾਂ ਵਿੱਚ ਰਿਲੀਜ਼ ਲਈ ਤਿਆਰ ਫਿਲਮ 'ਰਨਵੇ 34' ਦੇ ਬਾਅਦ ਰਕੁਲਪ੍ਰੀਤ ਦੀਆਂ ਕਈ ਫਿਲਮਾਂ ਵਿੱਚ ਲਾਈਨ ਵਿੱਚ ਹਨ। ਪੇਸ਼ ਹਨ ਇਸ ਫਿਲਮ ਬਾਰੇ ਰਕੁਲਪ੍ਰੀਤ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼ :



**• ਤੁਹਾਡੀਆਂ ਬੈਕ ਟੂ ਬੈਕ ਫਿਲਮਾਂ ਆ ਰਹੀਆਂ ਹਨ। ਕਹਿਣਾ ਚਾਹੀਦੈ ਕਿ ਸਭ ਤੋਂ ਖੁਸ਼ਨੁਮ ਦੌਰ ਵਿੱਚ ਹੋ...**

-ਮੈਂ ਹਮੇਸ਼ਾ ਖੁਸ਼ ਰਹਿੰਦੀ ਹਾਂ। ਅਜੇ ਤਾਂ ਫਿਲਮਾਂ ਆਉਣੀਆਂ ਸ਼ੁਰੂ ਹੋਣਗੀਆਂ। ਕੋਰੋਨਾ ਦੇ ਕਾਰਨ ਕਈ ਫਿਲਮਾਂ ਰਿਲੀਜ਼ ਨਹੀਂ ਹੋਈਆਂ। ਐਕਸਾਈਟਿੰਗ ਫੇਜ਼ ਹੈ। ਮੇਰੀਆਂ ਵੱਖ-ਵੱਖ ਕਿਰਦਾਰਾਂ ਵਾਲੀਆਂ ਵੱਖ-ਵੱਖ ਫਿਲਮਾਂ ਆਉਣਗੀਆਂ।

**• ਸਾਊਥ ਵਿੱਚ ਸਥਾਪਤ ਕਲਾਕਾਰ ਬਣਨ ਪਿੱਛੋਂ ਪੈਨ ਇੰਡੀਆ ਫਿਲਮ ਦਾ ਹਿੱਸਾ ਬਣਨ ਕੁਝ ਸੌਖਾ ਹੋ ਗਿਆ ਹੈ ?**

- ਮੈਨੂੰ ਆਸਾਨ ਜਾਂ ਮੁਸ਼ਕਲ ਪਤਾ ਨਹੀਂ। ਫਿਲਮ ਕਿਸੇ ਵੀ ਭਾਸ਼ਾ ਵਿੱਚ ਹੋਵੇ, ਇਮੋਸ਼ਨ (ਭਾਵਨਾਵਾਂ) ਸਭ ਵਿੱਚ ਇੱਕੋ ਜਿਹੀਆਂ ਹੁੰਦੀਆਂ ਹਨ। ਅੱਜ ਭਾਸ਼ਾ ਬੈਰੀਅਰ ਨਹੀਂ ਰਹੀ। ਚੰਗੀ ਗੱਲ ਹੈ ਕਿ ਇੰਡਸਟਰੀ ਇਕੱਠੀ ਹੈ। ਭਾਰਤ ਇੱਕੋ ਅਜਿਹਾ ਦੇਸ਼ ਹੈ ਜਿੱਥੇ ਇੰਨੀ ਵਿਵਿਧਤਾ ਹੈ। ਮੈਨੂੰ ਲੱਗਦਾ ਹੈ ਕਿ ਇਸ ਵਿਵਿਧਤਾ ਦਾ ਸਹੀ ਤਰ੍ਹਾਂ ਉਪਯੋਗ ਕੀਤਾ ਜਾਵੇ ਤਾਂ ਗਲੋਬਲੀ ਸਭ ਤੋਂ ਬਿਹਤਰੀਨ ਫਿਲਮਾਂ ਬਣਾ ਸਕਦੇ ਹਾਂ, ਕਿਉਂਕਿ ਇਤਿਹਾਸਕ ਤੌਰ ਉੱਤੇ ਵੀ ਅਸੀਂ ਕਾਫੀ ਖੁਸ਼ਹਾਲ ਹਾਂ। ਹਰ ਜਗ੍ਹਾ ਦਾ ਅਲੱਗ ਕਲਚਰ ਤੇ ਇਤਿਹਾਸ ਹੈ। ਹਰ ਜਗ੍ਹਾ ਦੀਆਂ ਬਿਹਤਰੀਨ ਚੀਜ਼ਾਂ ਨੂੰ ਲਿਆ ਕੇ ਫਿਲਮ ਬਣੇ ਤਾਂ ਅਸੀਂ ਦੁਨੀਆ ਦੇ ਬਾਕਸ ਆਫਿਸ ਉੱਤੇ ਰਾਜ ਕਰ ਸਕਦੇ ਹਾਂ।

**• 'ਰਨਵੇ 34' ਨਾਲ ਜੁੜਨ ਦੀ ਕੀ ਕਹਾਣੀ ਰਹੀ ?**

-'ਰਨਵੇ 34' ਮੈਨੂੰ ਕੋਰੋਨਾ ਦੀ ਪਹਿਲੀ ਲਹਿਰ ਦੇ ਬਾਅਦ ਨਰੇਟ ਕੀਤੀ ਗਈ ਸੀ। ਏਵੀਏਸ਼ਨ ਉੱਤੇ ਅਜਿਹੀ ਫਿਲਮ ਸਾਡੇ ਦੇਸ਼ ਵਿੱਚ ਨਹੀਂ ਬਣਾਈ ਗਈ। ਅਜੈ ਦੇਵਗਨ ਸਰ ਇਸ ਨੂੰ ਨਿਰਦੇਸ਼ਤ ਕਰ ਰਹੇ ਸਨ, ਅਮਿਤਾਭ ਬੱਚਨ ਸਰ ਦੇ ਨਾਲ ਕੰਮ ਕਰਨ ਦਾ ਮੌਕਾ ਮਿਲ ਰਿਹਾ ਸੀ ਤਾਂ ਕੌਣ ਮਨਾ ਕਰੇਗਾ। ਮੇਰਾ ਕਿਰਦਾਰ ਕਾਫੀ ਦਮਦਾਰ ਹੈ। ਮੇਰਾ ਮੰਨਣਾ ਹੈ ਕਿ ਜੇ ਤੁਸੀਂ ਜ਼ਿੰਦਗੀ ਵਿੱਚ ਆਪਣੇ ਤੋਂ ਬਿਹਤਰ ਲੋਕਾਂ ਦੇ ਨਾਲ ਕੰਮ ਨਾ ਕਰੋ ਤਾਂ ਗਰੋਅ ਕਿਵੇਂ ਕਰੋਗੇ। ਮੈਨੂੰ ਸਭ ਤੋਂ ਐਕਸਾਈਟਿੰਗ ਇਹੀ ਲੱਗਦਾ ਹੈ ਕਿ ਆਪਣੇ ਤੋਂ ਵੱਧ ਅਨੁਭਵੀ ਤੇ ਬਿਹਤਰ ਲੋਕਾਂ ਨਾਲ ਕੰਮ ਕਰਾਂ, ਉਨ੍ਹਾਂ ਤੋਂ ਸਿੱਖਾਂ।

**• ਅਜੈ ਦੇਵਗਨ ਦੇ ਨਾਲ ਇਹ ਤੁਹਾਡੀ ਦੂਸਰੀ ਫਿਲਮ ਹੈ। ਇਸ ਵਾਰ ਉਹ ਡਾਇਰੈਕਟਰ ਵੀ ਹਨ...**

-ਬਤੌਰ ਡਾਇਰੈਕਟਰ ਉਨ੍ਹਾਂ ਦੇ ਉਪਰ ਜੋ ਜ਼ਿੰਮੇਵਾਰੀ ਹੈ, ਉਹ ਬਹੁਤ ਵੱਡੀ ਹੈ। 'ਰਨਵੇ 34' ਸ਼ੂਟ ਕਰਨਾ ਆਸਾਨ ਨਹੀਂ ਸੀ। ਇਸ ਵਿੱਚ ਕਾਫੀ ਮੁਸ਼ਕਲਾਂ (ਮੌਸਮ ਖਰਾਬ ਹੋਣ ਉੱਤੇ ਜਹਾਜ਼ ਦਾ ਹਿਚਕੋਲੇ ਖਾਣਾ) ਦਿਖਾ ਰਹੇ ਹਨ, ਉਨ੍ਹਾਂ ਨੂੰ ਸ਼ੂਟ ਕਰਨਾ ਆਸਾਨ ਨਹੀਂ ਸੀ। ਉਹ ਸਭ ਸੈੱਟਅਪ ਕਰਦੇ ਸਨ, ਫਿਰ ਰਿਹਰਸਲ ਦੇਖਦੇ ਸਨ, ਫਿਰ ਚੇਂਜ ਕਰ ਕੇ ਐਕਟਿੰਗ ਕਰਦੇ ਸਨ। ਫਿਰ ਟੇਕ ਕਟ ਹੋਣ ਦੇ ਬਾਅਦ ਸਭ ਦੇ ਸੀਨ ਦੇਖਦੇ ਸਨ।

**• ਪਾਇਲਟ ਬਣਨ ਦੇ ਲਈ ਕੋਈ ਟਰੇਨਿੰਗ ਵੀ ਲਈ ?**

- ਸਾਡੇ ਸੈੱਟ ਉੱਤੇ ਇੱਕ ਕੈਪਟਨ ਰਹਿੰਦੇ ਸਨ। ਉਨ੍ਹਾਂ ਨੇ ਸਾਨੂੰ ਕਾਕਪੈਟ ਵਿੱਚ ਕਾਰਜਪ੍ਰਣਾਲੀ ਦੀ ਤਿੰਨ ਦਿਨ ਤੱਕ ਟਰੇਨਿੰਗ ਦਿੱਤੀ। ਉਸ ਦੀ ਸ਼ਬਦਾਵਲੀ ਤੋਂ ਜਾਣੂ ਕਰਾਇਆ। ਅਸੀਂ ਇਹ ਧਿਆਨ ਰੱਖਿਆ ਕਿ ਸੈੱਟ ਉੱਤੇ ਜੋ ਐਕਸ਼ਨ ਕਰਦੇ ਹਾਂ, ਅਸਲ ਲੱਗੇ ਕਿਉਂਕਿ ਅਸੀਂ ਕੋਈ ਸੈਟ ਨਹੀਂ ਬਣਾਇਆ। ਰੀਅਲ ਪਲੇਨ ਵਿੱਚ ਇਸ ਨੂੰ ਸ਼ੂਟ ਕੀਤਾ ਹੈ।

**• ਜਹਾਜ਼ ਯਾਤਰਾ ਨਾਲ ਜੁੜਿਆ ਕੋਈ ਸੁਖਾਵਾਂ ਅਨੁਭਵ ?**

- ਮੇਰਾ ਬੁਰਾ ਅਨੁਭਵ ਰਿਹਾ ਹੈ। ਇੱਕ ਵਾਰ ਏ ਟੀ ਆਰ ਪਲੇਨ ਵਿੱਚ ਜਾ ਰਹੀ ਸੀ, ਜੋ ਛੋਟਾ ਪਲੇਨ ਹੁੰਦਾ ਹੈ। ਉਸ ਵਿੱਚ ਤੀਹ ਹਜ਼ਾਰ ਫੁੱਟ ਦੀ ਉਚਾਈ ਉੱਤੇ ਟਰਬੁਲੈਂਸ ਆਇਆ ਤਾਂ ਸਾਹ ਅਟਕ ਗਏ। ਜਦ ਮੈਂ ਫਿਲਮ ਵਿੱਚ ਸੀਨ ਕਰ ਰਹੀ ਸੀ ਤਾਂ ਉਹੀ ਯਾਦ ਕਰ ਰਹੀ ਸੀ ਕਿ ਟਰਬੁਲੈਂਸ ਹੋਣ ਉੱਤੇ ਕੀ ਪ੍ਰਤੀਕਿਰਿਆ ਹੁੰਦੀ ਹੈ, ਵਰਨਾ ਅੱਜ ਤੱਕ ਸਾਡੀ ਲੈਂਡਿੰਗ ਸੇਫ ਹੋਈ ਹੈ।

**• ਕਿਸੇ ਕਿਰਦਾਰ ਨੇ ਤੁਹਾਡੇ ਡਰ ਨੂੰ ਬਾਹਰ ਕੱਢਿਆ ਹੈ ?**

- ਮੈਨੂੰ ਨਹੀਂ ਲੱਗਦਾ ਕਿ ਮੈਂ ਕਿਸੇ ਚੀਜ਼ ਤੋਂ ਡਰਦੀ ਹਾਂ। ਮੈਂ ਡਰ ਕੇ ਜ਼ਿੰਦਗੀ ਨਹੀਂ ਜਿਊਂਦੀ। ਮੈਂ ਆਰਮੀ ਅਫਸਰ ਦੀ ਬੇਟੀ ਹਾਂ ਤਾਂ ਸਾਨੂੰ ਸਿਖਾਇਆ ਗਿਆ ਹੈ ਕਿ ਕਿਸੇ ਚੀਜ਼ ਤੋਂ ਡਰਨਾ ਨਹੀਂ ਚਾਹੀਦਾ। ਸਾਨੂੰ ਇਸੇ ਤਰ੍ਹਾਂ ਵੱਡਾ ਕੀਤਾ ਗਿਆ ਹੈ। ਜਦ ਮੁਸ਼ਕਲ ਚੀਜ਼ਾਂ ਆਉਂਦੀਆਂ ਹਨ ਤਾਂ ਤੁਸੀਂ ਆਤਮਵਿਸ਼ਵਾਸ ਦੇ ਬਲ ਉੱਤੇ ਹੀ ਉਸ ਤੋਂ ਨਿਕਲਦੇ ਹੋ।

NORTHCOAST LUMBER 1
CALL THE TRUE CONTRACTORS YARD TODAY
604-597-8884
*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks




14682 - 66th Ave, Surrey, BC, V3S 1Z9
Fax: 604-597-0854
www.lumber1.ca/contractor

ਸ਼ੋਰ ਸਾਈਡ ਫਿਸ਼ ਕੈਨਰੀ



ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ
ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
• ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
• ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
• ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।
ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY
ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
PHONE: 604-244-1118
FAX: 604-270-3075
ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

# ਸੰਨੀ ਦਿਓਲ ਦੀ ਫਿਲਮ 'ਸੂਰਿਆ' ਵਿਚਲੀ ਦਿੱਖ ਆਈ ਸਾਹਮਣੇ



ਮੁੰਬਈ-ਫਿਲਮ ਅਦਾਕਾਰ ਸਨੀ ਦਿਓਲ ਆਪਣੀ ਨਵੀਂ ਫ਼ਿਲਮ 'ਸੂਰਿਆ' ਦੀ ਸ਼ੂਟਿੰਗ ਲਈ ਜੈਪੁਰ ਵਿੱਚ ਹੈ। ਇਹ ਫ਼ਿਲਮ ਮਲਿਆਲਮ ਕ੍ਰਾਈਮ ਥ੍ਰਿਲਰ 'ਜੋਸਫ' ਦਾ ਹਿੰਦੀ ਰੀਮੇਕ ਹੈ ਅਤੇ ਇਸ ਫਿਲਮ ਲਈ ਸਨੀ ਦਿਓਲ ਵੱਲੋਂ ਅਪਣਾਈ ਗਈ ਦਿੱਖ ਸਾਹਮਣੇ ਆਈ ਹੈ। ਤਸਵੀਰ ਵਿੱਚ ਸਨੀ ਦਿਓਲ ਨੇ ਸੰਘਣੀ ਦਾੜ੍ਹੀ ਰੱਖੀ ਹੋਈ ਹੈ ਤੇ ਵਾਲ ਪਿੱਛੇ ਨੂੰ ਵਾਹੇ ਹੋਏ ਹਨ। ਅਦਾਕਾਰ ਸਾਧਾਰਨ ਭੂਰੇ ਰੰਗ ਦੀ ਕਮੀਜ਼, ਸਲੇਟੀ ਰੰਗ ਦੀ ਪੈਂਟ ਤੇ ਭੂਰੇ ਰੰਗ ਦੇ ਸੈਂਡਲ ਪਾ ਕੇ ਪੌੜੀਆਂ 'ਤੇ ਬੈਠਾ ਨਜ਼ਰ ਆ ਰਿਹਾ ਹੈ। ਫ਼ਿਲਮ ਦੇ ਇਕ ਸੂਤਰ ਨੇ ਸਨੀ ਦੇ ਫਿਲਮ ਵਿਚਲੇ ਕਿਰਦਾਰ ਬਾਰੇ ਦੱਸਿਆ, "ਉਸ (ਸਨੀ ਦਿਓਲ) ਕੋਲ ਸਾਰੀਆਂ ਖੁਸ਼ੀਆਂ ਸਨ, ਜੋ ਜ਼ਿੰਦਗੀ ਦੇ ਸਫ਼ਰ ਨੇ ਉਸ ਤੋਂ ਖੋਹ ਲਈਆਂ ਅਤੇ ਉਸ ਕੋਲ ਸਿਰਫ਼ ਨਫ਼ਰਤ, ਗੁੱਸਾ ਅਤੇ ਬਦਲਾ ਹੀ ਰਹਿ ਗਿਆ। ਪਰ ਫਿਰ 'ਸੂਰਿਆ' ਨੂੰ ਇਕ ਮਕਸਦ ਮਿਲਦਾ ਹੈ।' ਫਿਲਮ ਦਾ ਨਿਰਦੇਸ਼ਨ ਐੱਮ. ਪਦਮ ਕੁਮਾਰ ਕਰਨਗੇ। ਮੂਲ ਫਿਲਮ ਦਾ ਨਿਰਦੇਸ਼ਨ ਵੀ ਉਨ੍ਹਾਂ ਹੀ ਕੀਤਾ ਹੈ। ਫਿਲਮ ਬਾਰੇ ਹੋਰ ਜਾਣਕਾਰੀ ਅਜੇ ਸਾਹਮਣੇ ਨਹੀਂ ਆਈ ਹੈ। ਇਸ ਤੋਂ ਇਲਾਵਾ ਸਨੀ ਦਿਓਲ 'ਗਦਰ 2' ਅਤੇ 'ਅਪਨੇ 2' ਵਿੱਚ ਵੀ ਦਿਖਾਈ ਦੇਵੇਗਾ।



# ਮੁਸ਼ਕਲ ਨਾਲ ਮਿਲੀ ਅਰਸ਼ਦ ਵਾਰਸੀ ਨੂੰ ਪਛਾਣ



ਬਾਲੀਵੁੱਡ ਐਕਟਰ ਅਰਸ਼ਦ ਵਾਰਸੀ ਇੱਕ ਵਰਸਟਾਈਲ ਐਕਟਰ ਹਨ ਅਤੇ ਇਹ ਉਨ੍ਹਾਂ ਨੇ ਹਰ ਵਾਰ ਸਾਬਿਤ ਕੀਤਾ ਹੈ। ਭਾਵੇਂ ਉਹ ਉਨ੍ਹਾਂ ਦੇ ਦਮਦਾਰ ਕਿਰਦਾਰ ਹੋਣ ਜਾਂ ਅਸਲ ਜ਼ਿੰਦਗੀ ਵਿੱਚ ਉਨ੍ਹਾਂ ਦਾ ਸੰਘਰਸ਼, ਐਕਟਰ ਹਰ ਵਾਰ ਬਿਹਤਰੀਨ ਤਰੀਕੇ ਨਾਲ ਉਭਰ ਕੇ ਆਏ ਹਨ। 19 ਅਪਰੈਲ 1968 ਨੂੰ ਜਨਮੇ ਅਰਸ਼ਦ 14 ਸਾਲ ਦੀ ਉਮਰ ਵਿੱਚ ਅਨਾਥ ਹੋ ਗਏ ਸਨ ਅਤੇ ਆਪਣੇ ਸ਼ੁਰੂਆਤੀ ਦਿਨਾਂ ਵਿੱਚ ਬੰਬੇ ਵਿੱਚ ਰਹਿਣ ਲਈ ਸੰਘਰਸ਼ ਕਰਦੇ ਰਹੇ।ਪੈਸਿਆਂ ਦੀ ਕਮੀ ਨੇ ਉਨ੍ਹਾਂ ਨੂੰ 17 ਸਾਲ ਦੀ ਉਮਰ ਵਿੱਚ ਡੋਰ-ਟੂ-ਡੋਰ ਕਾਸਮੈਟਿਕਸ ਸੇਲਜ਼ਮੈਨ ਦੇ ਰੂਪ ਵਿੱਚ ਕੰਮ ਸ਼ੁਰੂ ਕਰਨ ਦੇ ਲਈ ਮਜਬੂਰ ਕੀਤਾ। ਬਾਅਦ ਵਿੱਚ ਉਨ੍ਹਾਂ ਨੇ ਇੱਕ ਫੋਟੋ-ਲੈਬ ਵਿੱਚ ਕੰਮ ਕੀਤਾ। ਇਸ ਦੌਰਾਨ ਉਨ੍ਹਾਂ ਨੇ ਡਾਂਸ ਵਿੱਚ ਗਹਿਰੀ ਰੁਚੀ ਵਿਕਸਤ ਕੀਤੀ ਅਤੇ ਮੁੰਬਈ ਅਕਬਰ ਸਾਮੀ ਦੇ ਡਾਂਸ ਗਰੁੱਪ ਵਿੱਚ ਸ਼ਾਮਲ ਹੋਣ ਦਾ ਮੌਕਾ ਮਿਲਿਆ, ਜਿਸ ਨੇ 'ਟਿਕਾਣਾ' (1987) ਅਤੇ 'ਕਾਸ਼' ਫਿਲਮਾਂ (1987) ਵਿੱਚ ਉਨ੍ਹਾਂ ਦੇ ਡਾਂਸ ਦੀ ਸ਼ੁਰੂਆਤ ਕੀਤੀ। ਅਰਸ਼ਦ ਨੂੰ ਅਮਿਤਾਭ ਬੱਚਨ ਦੀ ਪ੍ਰੋਡਕਸ਼ਨ ਕੰਪਨੀ 'ਅਮਿਤਾਭ ਬੱਚਨ ਕਾਰਪੋਰੇਸ਼ਨ' ਦੇ ਪਹਿਲੇ ਪ੍ਰੋਡਕਸ਼ਨ 'ਤੇਰੇ ਮੇਰੇ ਸਪਨੇ' ਵਿੱਚ ਐਕਟਿੰਗ ਕਰਨ ਦਾ ਪਹਿਲਾ ਆਫਰ 1996 ਵਿੱਚ ਮਿਲਿਆ। ਇਸ ਤੋਂ ਪਹਿਲਾਂ ਉਨ੍ਹਾਂ ਨੇ 'ਆਗ ਸੇ ਖੇਲੇਂਗੇ' ਦੇ ਇੱਕ ਗੀਤ ਵਿੱਚ ਇੱਕ ਡਾਂਸਰ ਵਜੋਂ ਛੋਟੀ ਜਿਹੀ ਭੂਮਿਕਾ ਨਿਭਾਈ ਸੀ। ਸਾਲਾਂ ਤੋਂ ਅਰਸ਼ਦ ਨੂੰ ਦਰਸ਼ਕਾਂ ਨੇ ਖੂਬ ਪਸੰਦ ਕੀਤਾ ਹੈ। ਉਨ੍ਹਾਂ ਨੂੰ ਸੰਜੇ ਦੱਤ ਦੀ 'ਮੁੰਨਾਭਾਈ ਐੱਮ ਬੀ ਬੀ ਐੱਸ' ਵਿੱਚ ਸਰਕਿਟ ਦੇ ਆਪਣੇ ਰੋਲ ਦੇ ਨਾਲ ਰਾਤੋਂ-ਰਾਤ ਪ੍ਰਸਿੱਧੀ ਮਿਲੀ।ਤਦ ਤੋਂ ਅਰਸ਼ਦ ਕਾਮੇਡੀ ਦੀ ਖੋਜ ਵਿੱਚ ਲੱਗੇ ਰਹੇ, ਜਿਸ ਤੋਂ ਉਨ੍ਹਾਂ ਨੂੰ ਹੋਰ ਜ਼ਿਆਦਾ ਤਾਰੀਫ ਮਿਲੀ। ਉਨ੍ਹਾਂ ਨੇ 'ਗੋਲਮਾਲ : ਫਨ ਅਨਲਿਮਟਿਡ', 'ਐਂਥਨੀ ਕੌਣ ਹੈ ?', 'ਗੋਲਮਾਲ ਰਿਟਰਨਸ', 'ਗੋਲਮਾਲ 3', 'ਡਬਲ ਧਮਾਲ' ਸਮੇਤ ਕਈ ਫਿਲਮਾਂ ਵਿੱਚ ਫਨੀ ਕਿਰਦਾਰ ਨਿਭਾਏ। ਸਮੇਂ-ਸਮੇਂ ਉਤੇ ਉਨ੍ਹਾਂ ਦੀਆਂ ਫਿਲਮਾਂ ਵਿੱਚ ਅਰਸ਼ਦ ਦੇ ਡਾਇਲਾਗਾਂ ਨੇ ਸੋਸ਼ਲ ਮੀਡੀਆ ਤੇ ਮੀਮਸ ਦਾ ਹੜ੍ਹ ਵੀ ਲਿਆ ਦਿੱਤਾ।


AMA CONCRETE
Commercial & Residential
- Placing Pumping & Finishing
- Foundation Floors
- Smooth Finishing
- Exposed Broom Finishing
- Stamped Concrete

ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜ਼ਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ

ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ
Sodhi: 604-518-4389 | Harjeet: 604-613-0472

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ

☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ

- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage
(*Conditionsapply)

Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839

ਰੀਅਲ ਐਸਟੇਟ ਅਤੇ ਮੌਰਟਗੇਜ ਬਰੋਕਰ
ਪੜ੍ਹਾਈ ਦੀ ਅਪ-ਟੂ-ਡੇਟ ਸਮਗਰੀ ਦੇ ਨਾਲ ਕੋਰਸ
ਸਿਰਫ 4 ਹਫਤਿਆਂ ਵਿਚ
ਆਪਣੀ ਸਹੂਲਤ ਅਨੁਸਾਰ ਸਵੇਰ ਜਾਂ ਸ਼ਾਮ ਦੇ ਗਰੁੱਪ/ਕਲਾਸਾਂ ਵਿੱਚ ਸਿੱਖੋ। ਪਾਸ ਹੋਣ ਲਈ ਰੋਜ਼ਾਨਾ ਦੇ ਸੈਂਪਲ ਟੈਸਟ ਦਾ ਫਾਇਦਾ ਲਵੋ।



ਫੀਸ
$649
ਸਵੇਰ ਅਤੇ ਸ਼ਾਮ ਦੀਆਂ ਕਲਾਸਾਂ
ਸੋਮਵਾਰ ਤੋਂ ਸ਼ੁੱਕਰਵਾਰ ਤੱਕ
ਹੋਰ ਜਾਣਕਾਰੀ ਲਈ ਦੀਪ ਨੂੰ ਫੋਨ ਕਰੋ
SURE SHOT LEARNING CENTER
ਸ਼ਿਓਰ-ਸ਼ੋਟ ਲਰਨਿੰਗ ਸੈਂਟਰ
604.446.2817
#102 9360 120 ਸਟਰੀਟ, ਸਰੀ

ਅਸੀਂ ਕੰਨਟੇਨਰ ਵੇਚਦੇ ਅਤੇ ਲੀਜ਼ 'ਤੇ ਦਿੰਦੇ ਹਾਂ।

We're a Canadian operated company that sells and lease shipping Bulk containers, reefer containers across Canada and United States

ਸਾਡੇ ਕੋਲ 200 ਕੰਨਟੇਨਰ ਲੌਸ ਏਂਜਲਜ਼ (ਅਮਰੀਕਾ) ਵਿਖੇ ਉਪਲੱਬਧ ਹਨ ਕੀਮਤ 21 ਹਜ਼ਾਰ US ਡਾਲਰ

We have 200 container in Los Angeles, Price : $21000 US

**ONE TRIP CONTAINER**







40 ft one trip well insulated cooler 200 available instant for California Produce to Canada on rail




1. GENERAL DESCRIPTION
This specification covers an extendable tridem-axle container chassis, used to carry one domestic container 40', 45', 48' or 53' long, with a gross weight of up to 90,000 lbs.
The chassis meets all DOT, TOFC, AAR standards, C(F)MVSS, ANSI, SAE, and TTMA requirements and standards in effect at time of manufacture and applicable operations.






We Supplies aluminum Body like FedEx Canadian Grants available on electrical vehicle Load Capacity on dual chases 18 Feet with kick box 4 feet& Side door if need it can carries 6000 lb GVW 14,000lb




Aluminum Van Body Supplied on all Electric Truck
with $ 49,000 Gov. Grant Available Now
Limited Time Book Now
Lease or Purchase on OAC




**2,000 Available from September 2022**
**Capacity 90,000 lb**

**Container 53 Feet CP Rail Specs**

40-53' Extendable Tridem Container Chassis/Spring Ride
Model: CCXT 4053-3S-00

**5 Years Warranty**

**100 Trailers Available Every Month**

**Choose your colour on Chassis & Containers**






**ORDER RIGHT AWAY**
5 Months from date of deposit landed in Canada or US
**50% Deposit required**
**20% down lease or purchase.**
**For Containers Only**

**Sam Essa (Salim Nurdin)**
akwallking@outlook.com
**604-833-0455 / 403-957-3786**

# ਮੈਂ ਪੈਦਾਇਸ਼ੀ ਅਭਿਨੇਤਰੀ ਹਾਂ-ਹਰਨਾਜ਼

ਹਰਨਾਜ਼ ਕੌਰ ਸੰਧੂ ਨੇ ਪੂਰੇ 21 ਸਾਲ ਬਾਅਦ ਅੱਸੀ ਦੇਸ਼ਾਂ ਦੀਆਂ ਸੁੰਦਰੀਆਂ ਨੂੰ ਪਿੱਛੇ ਛੱਡ ਕੇ 'ਮਿਸ ਯੂਨੀਵਰਸ 2021 ਦਾ ਤਾਜ ਹਾਸਲ ਕੀਤਾ। 1994 ਵਿੱਚ ਪਹਿਲੀ ਵਾਰ ਸੁਸ਼ਮਿਤਾ ਸੇਨ 'ਮਿਸ ਯੂਨੀਵਰਸ' ਬਣੀ, ਉਸ ਦੇ ਬਾਅਦ 2000 ਵਿੱਚ ਲਾਰਾ ਦੱਤਾ ਨੇ ਇਹ ਖਿਤਾਬ ਆਪਣੇ ਨਾਂਅ ਕੀਤਾ। ਤਿੰਨ ਮਾਰਚ 2000 ਨੂੰ ਪੈਦਾ ਹੋਈ ਬੇਹੱਦ ਖ਼ੂਬਸੂਰਤ ਹਰਨਾਜ਼ ਗੁਰਦਾਸਪੁਰ ਦੇ ਪਿੰਡ ਕੋਹਲੀ ਦੀ ਵਸਨੀਕ ਹੈ। 'ਮਿਸ ਯੂਨੀਵਰਸ 2021' ਚੁਣੇ ਜਾਣ ਤੋਂ ਪਹਿਲਾਂ ਹਰਨਾਜ਼ ਸੰਧੂ ਨੇ 2017 ਵਿੱਚ 'ਮਿਸ ਚੰਡੀਗੜ੍ਹ' ਅਤੇ 2019 ਵਿੱਚ 'ਫੈਮਿਨੀ ਮਿਸ ਇੰਡੀਆ ਪੰਜਾਬ' ਦਾ ਖਿਤਾਬ ਜਿੱਤਿਆ ਸੀ। ਫੈਮਿਨੀ ਮਿਸ ਇੰਡੀਆ 2019 ਵਿੱਚ ਉਹ ਸੈਮੀ ਫਾਈਨਾਲਿਸਟ ਰਹੀ। ਉਸ ਦੇ ਬਾਅਦ ਤੋਂ ਮਿਸ ਯੂਨੀਵਰਸ ਦਾ ਖਿਤਾਬ ਜਿੱਤਣਾ ਉਸ ਦਾ ਸੁਫਨਾ ਸੀ। ਹਰਨਾਜ਼ ਸੰਧੂ ਦੇ ਪਿਤਾ ਪ੍ਰੀਤਮ ਪਾਲ ਸਿੰਘ ਇੱਕ ਰਿਆਲਟਰ ਅਤੇ ਮਾਂ ਰਵਿੰਦਰ ਕੌਰ ਸੰਧੂ ਡਾਕਟਰ ਹਨ। 2006 ਵਿੱਚ ਹਰਨਾਜ਼ ਪਰਵਰ ਦੇ ਨਾਲ ਇੰਗਲੈਂਡ ਚਲੀ ਗਈ। ਦੋ ਸਾਲ ਬਾਅਦ ਪਰਵਾਰ ਦੇ ਨਾਲ ਉਸ ਦੀ ਵਤਨ ਵਾਪਸੀ ਹੋਈ। ਹਰਨਾਜ਼ ਦੀ ਸ਼ੁਰੂਆਤੀ ਪੜ੍ਹਾਈ ਚੰਡੀਗੜ੍ਹ ਦੇ ਸ਼ਿਵਾਲਿਕ ਬਲਕਿ ਸਕੂਲ ਵਿੱਚ ਹੋਈ ਤੇ ਉਸ ਦੇ ਬਾਅਦ ਉਸ ਨੇ ਚੰਡੀਗੜ੍ਹ ਦੇ ਗੌਰਮਿੰਟ ਕਾਲਜ ਫਾਰ ਗਰਲਜ਼ ਤੋਂ ਇਨਫਰਮੇਸ਼ਨ ਟੈਕਨਾਲੋਜੀ ਵਿੱਚ ਬੈਚਲਰ ਡਿਗਰੀ ਹਾਸਲ ਕੀਤੀ।ਸੋਸ਼ਲ ਮੀਡੀਆ ਉੱਤੇ ਖ਼ੂਬ ਐਕਟਿਵ ਰਹਿਣ ਵਾਲੀ ਹਰਨਾਜ਼ ਮਿਸ ਯੂਨੀਵਰਸ ਬਣਨ ਦੇ ਪਹਿਲਾਂ ਮਾਡਲਿੰਗ ਕਰਦੀ ਸੀ। 2019 ਵਿੱਚ ਸੋਨੀ ਮਿਊਜ਼ਿਕ ਕੰਪਨੀ ਲਈ ਉਸ ਨੇ ਮਿਊਜ਼ਿਕ ਵੀਡੀਓ ਕੀਤਾ। ਪੰਜਾਬੀ ਫਿਲਮ 'ਯਾਰਾਂ ਦੀਆਂ ਪੌਂ ਬਾਰਾਂ' (2021) ਅਤੇ ਟੀ ਵੀ ਸ਼ੋਅ 'ਗੁਡ ਮੌਰਨਿੰਗ ਅਮਰੀਕਾ' (2021) ਵਿੱਚ ਉਸ ਨੇ ਕੰਮ ਕੀਤਾ। ਐਂਡੋਰਸਮੈਂਟ ਨਾਲ ਹਰਨਾਜ਼ ਸੰਧੂ ਨੇ ਜ਼ਬਰਦਸਤ ਕਮਾਈ ਕੀਤੀ ਹੈ। ਉਸ ਦੀ ਨੈੱਟ ਵਰਥ ਪਿਛਲੇ ਸਾਲ ਪੰਜ ਮਿਲੀਅਨ ਡਾਲਰ ਆਂਕੀ ਗਈ ਸੀ। ਪੇਸ਼ ਹਨ ਹਰਨਾਜ਼ ਕੌਰ ਸੰਧੂ ਨਾਲ ਕੀਤੀ ਗਈ ਗੱਲਬਾਤ ਦੇ ਮੁੱਖ ਅੰਸ਼ :





**• ਅਕਸਰ ਕਿਹਾ ਜਾਂਦਾ ਹੈ ਕਿ ਵਰਲਡ ਬਿਊਟੀ ਕਾਨਟੈਸਟ ਜਿੱਤਣ ਲਈ ਸਿਰਫ ਖ਼ੂਬਸੂਰਤੀ ਹੀ ਕਾਫੀ ਨਹੀਂ, ਇਸ ਦੇ ਲਈ ਟੈਲੇਂਟ ਅਤੇ ਸ਼ਾਰਪ ਪ੍ਰੇਜ਼ੈਂਸ ਆਫ ਮਾਈਂਡ ਵੀ ਚਾਹੀਦਾ ਹੈ, ਪਰ ਤੁਸੀਂ ਕੇਵਲ ਆਪਣੀ ਖ਼ੂਬਸੂਰਤੀ ਜ਼ਰੀਏ 'ਮਿਸ ਯੂਨੀਵਰਸ' ਦਾ ਟਾਈਟਲ ਆਪਣੇ ਨਾਂਅ ਕਰ ਲਿਆ?**

-ਮੇਰੇ ਲਈ ਇਹ ਟਾਈਟਲ ਜਿੱਤਣਾ ਕਿਸੇ ਵੀ ਤਰ੍ਹਾਂ ਓਲੰਪਿਕ ਵਿੱਚ ਜਿੱਤ ਦਰਜ ਕਰਨ ਤੋਂ ਘੱਟ ਨਹੀਂ ਹੈ। ਜਦ ਦੇਸ਼ ਦੇ ਖਿਡਾਰੀ ਜਿੱਤਦੇ ਹਨ, ਸਭ ਉਨ੍ਹਾਂ ਦੀ ਤਾਰੀਫ ਕਰਦੇ ਹਨ, ਪ੍ਰੰਤੂ ਬਿਊਟੀ ਪੇਜੈਂਟ ਵਿਨਰਸ ਦੀ ਤਾਰੀਫ ਵਿੱਚ ਹਮੇਸ਼ਾ ਨਾ ਸਿਰਫ ਕੰਜੂਸੀ ਕੀਤੀ ਜਾਂਦੀ ਹੈ, ਬਲਕਿ ਬੇਕਾਰ ਦੀਆਂ ਗੱਲਾਂ ਵੀ ਕੀਤੀਆਂ ਜਾਂਦੀਆਂ ਹਨ।

**• ਇਸ ਟਾਈਟਲ ਨੂੰ ਜਿੱਤਣ ਦੇ ਪਹਿਲਾਂ ਖ਼ੁਦ ਉੱਤੇ ਕਿੰਨਾ ਦਬਾਅ ਸੀ?**

-ਸੁਭਾਵਿਕ ਤੌਰ ਉੱਤੇ ਦਬਾਅ ਤਾਂ ਸੀ, ਪਰ ਮੈਂ ਇਹ ਹਮੇਸ਼ਾ ਤੋਂ ਮੰਨਦੀ ਰਹੀ ਕਿ ਮੁਸ਼ਕਲਾਂ ਅਤੇ ਔਕੜਾਂ ਦਾ ਦੂਸਰਾ ਨਾਂਅ ਹੀ ਜੀਵਨ ਹੈ। ਲੱਖ ਕੋਸ਼ਿਸ਼ਾਂ ਦੇ ਬਾਵਜੂਦ ਕੋਈ ਇਨ੍ਹਾਂ ਤੋਂ ਆਪਣਾ ਪਿੱਛਾ ਨਹੀਂ ਛੁਡਾ ਸਕਦਾ, ਜੇ ਕੋਸ਼ਿਸ਼ ਕੀਤੀ ਜਾਏ ਤਾਂ ਕੁਝ ਵੀ ਨਾਮੁਮਕਿਨ ਨਹੀਂ ਹੈ।

**• ਇਸ ਕਾਮਯਾਬੀ ਲਈ ਸਭ ਤੋਂ ਜ਼ਿਆਦਾ ਕਰੈਡਿਟ ਕਿਸ ਨੂੰ ਦੇਣਾ ਚਾਹੋਗੇ?**

-ਮੈਂ ਆਪਣੇ ਮੰਮੀ-ਪਾਪਾ ਨੂੰ ਬਹੁਤ ਪਿਆਰ ਕਰਦੀ ਹਾਂ। ਅੱਜ ਮੈਂ ਜੋ ਕੁਝ ਹਾਂ, ਉਨ੍ਹਾਂ ਦੀ ਬਦੌਲਤ ਹਾਂ। ਉਹ ਮੇਰੇ ਲਈ ਰੋਲ ਮਾਡਲ ਦੀ ਤਰ੍ਹਾਂ ਰਹੇ ਹਨ।

**• ਦੇਖਿਆ ਗਿਆ ਹੈ ਕਿ ਵਿਸ਼ਵ ਬਿਊਟੀ ਕਾਨਟੈਸਟ ਦੀ ਜੇਤੂ ਬਣ ਕੇ ਆਈ ਹਰ ਲੜਕੀ ਦਾ ਇੱਕੋ ਸੁਫਨਾ ਬਾਲੀਵੁੱਡ ਵਿੱਚ ਬਤੌਰ ਅਭਿਨੇਤਰੀ ਜਗਮਗਾਉਣ ਦਾ ਹੁੰਦਾ ਹੈ। ਕੀ ਤੁਸੀਂ ਵੀ ਆਪਣੇ ਲਈ ਅਜਿਹਾ ਕੁਝ ਸੋਚਿਆ ਹੈ?**

- ਅਜੇ ਵਕਤ ਹੀ ਕਿੰਨਾ ਹੋਇਆ ਹੈ, ਸਿਰਫ ਚਾਰ ਮਹੀਨੇ। ਮੈਨੂੰ ਲੱਗਦਾ ਹੈ ਕਿ ਹਾਲੇ ਤੱਕ ਮੈਂ 'ਮਿਸ ਯੂਨੀਵਰਸ' ਦੇ ਹੈਂਗਓਵਰ ਤੋਂ ਨਹੀਂ ਨਿਕਲ ਸਕੀ, ਇਸ ਲਈ ਭਵਿੱਖ ਦੇ ਬਾਰੇ ਕੁਝ ਵੀ ਕਹਿਣਾ ਜਲਦਬਾਜ਼ੀ ਹੋਵੇਗਾ।

**• ਤੁਸੀਂ ਸ਼ਾਇਦ ਪਹਿਲੀ ਅਜਿਹੀ 'ਮਿਸ ਯੂਨੀਵਰਸ' ਹੋ, ਜੋ ਇਹ ਖਿਤਾਬ ਜਿੱਤਣ ਤੋਂ ਪਹਿਲਾਂ ਅਭਿਨੇਤਰੀ ਰਹੇ ਹੋ?**


-ਜੀ, ਬਿਲਕੁਲ ਮੈਂ ਪੈਦਾਇਸ਼ੀ ਅਭਿਨੇਤਰੀ ਹਾਂ। ਮੈਂ ਪੰਜ ਸਾਲ ਤੱਕ ਥੀਏਟਰ ਕਰਨ ਦੇ ਇਲਾਵਾ ਟੀ ਵੀ ਅਤੇ ਪੰਜਾਬੀ ਫਿਲਮਾਂ ਦੇ ਲਈ ਵੀ ਕੰਮ ਕੀਤਾ ਹੈ।

**• ਬਾਲੀਵੁੱਡ ਵਿੱਚ ਕਿਸ ਅਭਿਨੇਤਰੀ ਨੂੰ ਤੁਸੀਂ ਸਭ ਤੋਂ ਜ਼ਿਆਦਾ ਪਸੰਦ ਕਰਦੇ ਹੋ?**

- ਮੈਂ ਪ੍ਰਿਅੰਕਾ ਚੋਪੜਾ ਨੂੰ ਬਹੁਤ ਪਸੰਦ ਕਰਦੀ ਹਾਂ। ਉਨ੍ਹਾਂ ਦੇ ਨਾਲ ਅੱਜ ਤੱਕ ਮੇਰੀ ਮੁਲਾਕਾਤ ਨਹੀਂ ਹੋਈ, ਪਰ ਉਨ੍ਹਾਂ ਤੋਂ ਮੈਂ ਕਾਫੀ ਕੁਝ ਸਿੱਖਿਆ ਹੈ। ਆਪਣੇ ਪੂਰੇ ਸਫਰ ਵਿੱਚ ਉਨ੍ਹਾਂ ਨੇ ਮੈਨੂੰ ਕਾਫੀ ਪ੍ਰੇਰਿਤ ਕੀਤਾ ਹੈ। ਉਹ ਹਮੇਸ਼ਾ ਤੋਂ ਮੇਰੀ ਪ੍ਰੇਰਨਾ ਰਹੀ ਹੈ।


**• ਕੀ 'ਮਿਸ ਯੂਨੀਵਰਸ' ਬਣਨ ਪਿੱਛੋਂ ਸੋਸ਼ਲ ਮੀਡੀਆ ਉੱਤੇ ਤੁਹਾਡੀ ਸਰਗਰਮੀ ਪਹਿਲਾਂ ਵਾਂਗ ਰਹਿ ਸਕੇਗੀ?**

-ਸੋਸ਼ਲ ਮੀਡੀਆ ਅਜਿਹਾ ਜ਼ਰੀਆ ਹੈ, ਜਿੱਥੇ ਤੁਸੀਂ ਕਿਸੇ ਨੂੰ ਅਸਮਾਨ ਉੱਤੇ ਚੜ੍ਹਾ ਸਕਦੇ ਹੋ ਜਾਂ ਜ਼ਮੀਨ ਉੱਤੇ ਡਿਗਾ ਸਕਦੇ ਹੋ ਅਤੇ ਇਸ ਮੀਡੀਅਮ ਦੀ ਵਰਤੋਂ ਕਾਫੀ ਲੋਕ ਇਸੇ ਏਜੰਡੇ ਨਾਲ ਕਰਦੇ ਵੀ ਹਨ, ਮੇਰਾ ਏਜੰਡਾ ਹੈ ਕਿ ਇਸ ਦੇ ਨਾਲ ਮੈਂ ਲੋਕਾਂ ਨੂੰ ਪ੍ਰਭਾਵਿਤ ਕਰ ਸਕਾਂ। ਇਸ ਲਈ ਇਸ ਉੱਤੇ ਸਰਗਰਮੀ ਘੱਟ ਹੋਣ ਦਾ ਸਵਾਲ ਹੀ ਨਹੀਂ।










# TRANSource FREIGHTWAYS

# Pin to Pin (ਯਾਰਡ ਤੋਂ ਯਾਰਡ)

## ਕੰਮ ਲਈ Drivers and Owner Operators ਚਾਹੀਦੇ ਹਨ।

## ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ




## ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

**SUKHBIR SINGH:604-525-0527 Ext 112**

ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ

ਸ਼ਨੀਵਾਰ: 604–808–9805

Email:safety@transourcefreightways.com



Rajan MANGOES
AVAILABLE ONLY AT
fruiticana
SINCE 1994
fruiticana hee jaana!
LOWEST PRICES IN TOWN
Extra Extra Super Special
Rajan MANGOES
(Haden) 4 kg
ਰਾਜਨ ਹੇਡਨ ਅੰਬ
$12.99 BOX
*Number of pieces depends on the weight
Rapini (Sarson da Saag)
ਸਰਸੋਂ ਦਾ ਸਾਗ
$2.69 bunch
Pink Lady Apples
ਪੀਂਕ ਲੇਡੀ ਐਪਲ
98¢ lb
Red Delicious Apples USA #1
ਲਾਲ ਸਵਾਦ ਸੇਬ ਯੂ.ਐਸ.ਏ #੧
89¢ lb
Zucchini Squash
ਜ਼ੁਕੀਨੀ ਸਕੁਐਸ਼
88¢ lb
Cilantro
ਧਣੀਆ
2 bunches for
98¢
Okra (Mexican)
ਭਿੰਡੀ (ਮੈਕਸੀਕਨ)
$2.88 lb
Extra Super Super Special
Jumbo Cauliflower Size 9
ਵੱਡਾ ਗੋਬੀ ਦਾ ਫੁੱਲ ਸਾਈਜ਼ ੯
$2.88 ea.
Extra Super Super Special
Round Tomatoes
ਗੋਲ ਟਮਾਟਰ
98¢ lb
Super Special
Yellow Onions 50 lbs
ਪੀਲੇ ਗੰਢੇ
$16.99 bag
Super Special
Desi Karela
ਦੇਸੀ ਕਰੇਲਾ
$1.49 lb
Super Special
Almonds Supreme #1
ਬਦਾਮ ਪ੍ਰੀਮੀਯਮ ਸਾਈਜ਼ ੧
$3.88 lb
Super Special
Chickpeas, Chana Dal, Red Lentil Whole & Black Chana 4 lbs (Indican)
ਚਿਟੇ ਛੋਲੇ, ਚਨੇ ਦੀ ਦਾਲ, ਮਸਰਾ ਦੀ ਸਾਬਤ ਦਾਲ ਅਤੇ ਕਾਲੇ ਛੋਲੇ (ਇੰਡੀਕੇਨ)
$3.88 bag
Super Special
Fresh Garlic
ਤਾਜ਼ਾ ਲਸਣ
99¢ lb
Super Special
Fresh Ginger
ਤਾਜ਼ਾ ਅਦਰਕ
$1.29 lb
Large Seedless Oranges
ਵੱਡੇ ਸੰਗਤਰੇ ( ਬਿਨਾ ਬੀਜ ਤੋਂ )
99¢ lb
Spinach
ਪਾਲਕ
99¢ bunch
Long Opo Squash (Lockye)
ਲੰਬੇ ਓਪੋ ਕੱਦੂ
88¢ lb
Daikon (Mooli)
ਮੂਲੀ
88¢ lb
Long Eggplants
ਲੰਬੇ ਬਤਾਊਂ
$1.49 lb
Russet Potatoes 10 lbs
ਆਲੂ ਰਸਟ ਸਨੋਬੁਆਏ
$3.49 bag
English Cucumber
ਇੰਗਲਿਸ਼ ਖੀਰੇ
98¢ ea.
Punjabi Cookies New Crunch & Indican 2.2 lbs All Flavours
ਪੰਜਾਬੀ ਕੁਕੀਜ਼ ਨੀਓ ਕ੍ਰੰਚ ਅਤੇ ਇੰਡੀਕਨ
$4.98 pkg.
Indican Almond Oil 1 L
ਇੰਡੀਕੇਨ ਬਦਾਮ ਦਾ ਤੇਲ
$12.99 bottle
Green Elaichi (Cardamom) S.G
ਹਰੀ ਇਲਾਇਚੀ (ਐਸ. ਜੀ)
$18.99 lb
Maggi Masala Noodles 280 g
ਮੈਗੀ ਮਸਾਲਾ ਨੂਡਲਜ਼
99¢ pkg.
Maggi Masala Noodles 76 g
ਮੈਗੀ ਮਸਾਲਾ ਨੂਡਲਜ਼
4 for
99¢
Product images may differ from the actual product.
Thur Apr 28, 2022 - Wed May 04, 2022
We reserve the right to limit the quantities while they last
Specials valid for Lower Mainland only
22 LOCATIONS TO SERVE YOU
Head Office: 7676 Anvil Way, Surrey
604-502-0005
www.fruiticana.com
fruiticana
SINCE 1994
BUSINESS HOURS
9 AM - 9 PM
7 DAYS A WEEK
Newton 13783 72nd Ave. Surrey 604-590-2080
Newton 13174 64th Ave. Surrey 604-598-9220
Scott Road 12047 80th Ave. Surrey 604-591-5032
Scott Road 104-7028 120th St. 604-590-8864
Cedar Hills 12867 96th Ave. Surrey 604-588-6620
Fleetwood 101-15933 Fraser Hwy 604-593-5163
Fleetwood 15230 84 Ave. 236-317-6272
Surrey 12990 72nd Ave. 604-503-5510
Surrey 12788 76A Ave. Surrey 604-597-1676
Surrey 16788 64 Ave. 604-372-2023
Surrey 101-7228 192St. 604-575-3750
New Westminster 101-331 6th St. 604-395-3595
Abbotsford 2785 Bourquin Crescent W. 604-744-0328
Abbotsford 31205 Maclure Rd. 604-504-5877
Port Coquitlam 2807 Shaughnessy St. 604-464-0822
Vancouver 6257 Fraser St. 604-321-9931
Richmond 4101 No.5 Rd. 604-244-9520